# 12
# ਵਿਚਾਰ ਅਤੇ ਸਾਰ

*''ਇੱਕੋ ਦੇਹੀ ਅਤੇ ਇੱਕੋ ਆਤਮਾ ਹੈ ਜਿਵੇਂ ਤੁਸੀਂ ਵੀ ਆਪਣੇ ਸੱਦੇ ਦੀ ਇੱਕੋ ਆਸ ਵਿਚ ਸੱਦੇ ਗਏ। ਇੱਕੋ ਪ੍ਰਭੂ, ਇੱਕੋ ਨਿਹਚਾ, ਇੱਕੋ ਬਪਤਿਸਮਾ ਹੈ। ਇੱਕੋ ਪ੍ਰਮੇਸ਼ਵਰ ਅਤੇ ਪਿਤਾ ਸਭਨਾਂ ਦਾ ਹੈ ਜਿਹੜਾ ਸਭਨਾਂ ਦੇ ਉੱਤੇ, ਸਭਨਾਂ ਦੇ ਵਿੱਚ, ਅਤੇ ਸਭਨਾਂ ਦੇ ਅੰਦਰ ਹੈ'' (ਅਫ਼ਸੀਆਂ 4:4-6)।*

ਵੱਖੋ-ਵੱਖ ਸੰਗਠਨਾਂ ਅਤੇ ਲੋਕਾਂ ਨੇ ਬਪਤਿਸਮੇ ਦਾ ਅਰਥ ਅਤੇ ਉਦੇਸ਼ ਆਪੋ-ਆਪਣੀ ਸਮਝ ਨਾਲ ਲੈ ਕੇ, ਪ੍ਰਭੂ ਦੇ ਰੂਪ ਵਿਚ ਯਿਸੂ ਦੇ ਲਹੂ ਦੀ ਬਚਾਉਣ ਵਾਲੀ ਸਮਰੱਥਾ ਵਿਚ ਵਿਸ਼ਵਾਸ ਦੇ ਸਾਰਥਕ ਅਤੇ ਉਦੇਸ਼ਪੂਰਣ ਕੰਮ ਦੀ ਬਜਾਏ ਬਪਤਿਸਮੇ ਨੂੰ ਇਕ ਰਸਮ ਬਣਾ ਕੇ ਰੱਖ ਦਿੱਤਾ ਹੈ।

ਬਪਤਿਸਮੇ ਨੂੰ ਸਮਝਣ ਲਈ, ਪ੍ਰਮੇਸ਼ਵਰ ਦੇ ਹੁਕਮਾਂ ਅਤੇ ਮਕਸਦਾਂ ਨੂੰ ਮੰਨਣ ਦੇ ਪੰਜ ਨਿਯਮ (ਵੇਖੋ ''ਪੁਰਾਣੇ ਨੇਮ ਵਿਚ ਰੀਤ ਅਤੇ ਸਮਝ'' ਪਾਠ) ਅਤੇ ਮਨਸ਼ਾ ਅਤੇ ਕੰਮ ਦੀ ਚਰਚਾ (ਵੇਖੋ ''ਨਵੇਂ ਨੇਮ ਵਿਚ ਰੀਤ ਅਤੇ ਸਮਝ'' ਪਾਠ) ਦੀ ਸਮੀਖਿਆ ਕਰਨੀ ਜ਼ਰੂਰੀ ਹੈ। ਕਈ ਕੰਮਾਂ ਵਿਚ ਲਾਭ ਕਮਾਉਣ ਜਾਂ ਪੈਦਾ ਕਰਨ ਸ਼ਕਤੀ ਹੁੰਦੀ ਹੈ, ਜਦ ਕਿ ਹੋਰਨਾਂ ਕੰਮਾਂ ਵਿਚ ਆਪਣੇ ਆਪ ਵਿਚ ਕੁਝ ਵੀ ਕਰਨ ਦੀ ਲਿਆਕਤ ਨਹੀਂ ਹੁੰਦੀ। ਜੇ ਸਾਨੂੰ ਇਹ ਪਤਾ ਹੋਵੇ ਕਿ ਜੋ ਕੁਝ ਅਸੀਂ ਕਰ ਰਹੇ ਹਾਂ, ਉਸ ਨਾਲ ਵਾਅਦਾ ਕੀਤੀ ਹੋਈ ਬਰਕਤ ਨਹੀਂ ਮਿਲ ਸਕਦੀ, ਤਾਂ ਸਾਨੂੰ ਉਹ ਬਰਕਤ ਪਾਉਣ ਲਈ ਕਿਸੇ ਦੂਜੇ ਤੇ ਵਿਸ਼ਵਾਸ ਕਰਨਾ ਪਵੇਗਾ। ਇਸ ਲਈ ਸਾਡੇ ਲਈ ਇਹ ਵਿਸ਼ਵਾਸ ਰੱਖ ਕੇ ਕਿ ਜਿਸ ਨੇ ਵਾਅਦਾ ਕੀਤਾ ਹੈ ਉਹ ਉਸ ਵਾਅਦੇ ਨੂੰ ਪੂਰਾ ਕਰਨ ਲਈ ਕੰਮ ਕਰੇਗਾ, ਉਸ ਵਾਅਦੇ ਨੂੰ ਪਾਉਣ ਲਈ ਕੰਮ ਕਰਨਾ ਜ਼ਰੂਰੀ ਹੈ।

ਆਪਣੇ ਕੰਮਾਂ ਤੋਂ *ਹਾਸਲ ਕੀਤੇ* ਨਤੀਜਿਆਂ ਅਤੇ ਕਿਸੇ ਹੋਰ ਦੇ ਕੰਮ ਵਿਚ ਵਿਸ਼ਵਾਸ ਕਾਰਣ *ਹਾਸਲ ਕੀਤੇ* ਫ਼ਾਇਦਿਆਂ ਵਿਚ ਫ਼ਰਕ ਹੁੰਦਾ ਹੈ। ਯਰੀਹੋ ਦੀ ਚਾਰਦੀਵਾਰੀ ਡਿੱਗਣਾ ਇਕ ਅਜਿਹੀ ਹੀ ਮਿਸਾਲ ਹੈ (ਯਹੋਸ਼ੁਆ 6)। ਉਹ ਸ਼ਹਿਰਪਨਾਹ ਯਹੋਸ਼ੁਆ ਅਤੇ ਇਸਰਾਏਲੀਆਂ ਦੇ ਕੰਮਾਂ ਕਰਕੇ ਨਹੀਂ ਢਹੀ ਸੀ। ਪ੍ਰਮੇਸ਼ਵਰ ਨੇ ਸ਼ਹਿਰਪਨਾਹ ਨੂੰ ਢਾਹੁਣ ਲਈ ਉਨ੍ਹਾਂ ਲੋਕਾਂ ਦੇ ਉਸ ਵਿਚ ਵਿਸ਼ਵਾਸ ਕਾਰਣ ਉਹ ਸ਼ਹਿਰਪਨਾਹ ਢਾਈ ਸੀ। ਉਨ੍ਹਾਂ ਨੂੰ ਪਤਾ ਸੀ ਕਿ ਜੋ ਕੁਝ ਉਨ੍ਹਾਂ ਨੂੰ ਕਰਨ ਦਾ ਹੁਕਮ ਦਿੱਤਾ ਗਿਆ ਹੈ ਉਸ ਨਾਲ ਸ਼ਹਿਰਪਨਾਹ ਨਹੀਂ ਡਿੱਗ ਸਕਦੀ। ਇਸਰਾਏਲੀਆਂ ਨੇ ਪ੍ਰਮੇਸ਼ਵਰ ਦੇ ਵਾਅਦੇ ਤੇ ਭਰੋਸਾ ਰੱਖ ਕੇ ਕੰਮ ਕੀਤਾ *ਨਾ ਕਿ* ਆਪਣੇ ਕੰਮਾਂ ਦੀ ਸ਼ਕਤੀ ਤੇ। ਜੇ ਉਹ ਪ੍ਰਮੇਸ਼ਵਰ ਰਾਹੀਂ ਉਸ ਸ਼ਹਿਰਪਨਾਹ ਨੂੰ ਡੇਗਣ ਵਿਚ ਵਿਸ਼ਵਾਸ ਦੇ ਬਗੈਰ ਉਹ ਦੇ ਚੱਕਰ ਲਾਉਂਦੇ ਰਹਿੰਦੇ ਤਾਂ ਸਹੀ ਢੰਗ ਨਾਲ ਕੰਮ ਕਰਨ ਵਿਚ ਨਾਕਾਮ ਰਹਿਣ ਦੇ ਕਾਰਣ *ਨਹੀਂ*, ਸਗੋਂ *ਵਿਸ਼ਵਾਸ ਦੀ ਕਮੀ* ਦੇ ਕਾਰਣ ਪ੍ਰਮੇਸ਼ਵਰ ਨੇ ਉਹ ਸ਼ਹਿਰਪਨਾਹ ਨਹੀਂ ਡੇਗਣੀ ਸੀ। ਜੇ ਉਹ

ਪ੍ਰਮੇਸ਼ਵਰ ਦੀ ਗੱਲ ਨੂੰ ਸਮਝੇ ਬਗੈਰ ਕੰਮ ਕਰਦੇ ਤਾਂ ਉਨ੍ਹਾਂ ਦਾ ਕੰਮ, ਕੰਮ ਕਰਨ ਲਈ ਪ੍ਰਮੇਸ਼ਵਰ ਵਿਚ ਵਿਸ਼ਵਾਸ ਤੇ ਨਹੀਂ ਸਗੋਂ ਅੱਖਾਂ ਮੀਟ ਕੇ ਹੁਕਮ ਮੰਨਣ ਦਾ ਹੋਣਾ ਸੀ।

## ਬਪਤਿਸਮਾ, ਪ੍ਰਮੇਸ਼ਵਰ ਦੇ ਕੰਮ ਵਿਚ ਵਿਸ਼ਵਾਸ

ਬਪਤਿਸਮਾ ਨ੍ਹਾਉਣ ਵਾਂਗ ਨਹੀਂ ਹੈ ਜਿਸ ਵਿਚ ਕਿਸੇ ਨੂੰ ਵਿਸ਼ਵਾਸ ਜਾਂ ਸਮਝ ਭਾਵੇਂ ਹੋਵੇ ਜਾ ਨਾ ਪਰ ਸਾਬਣ ਅਤੇ ਪਾਣੀ ਨਾਲ ਉਹਦੇ ਸਰੀਰ ਦੀ ਮੈਲ ਲੱਥ ਹੀ ਜਾਂਦੀ ਹੈ। ਬਪਤਿਸਮੇ ਵਿਚ ਪਾਪ ਧੋਣ ਦੀ ਆਪਣੇ ਆਪ ਵਿਚ ਕੋਈ ਸ਼ਕਤੀ ਨਹੀਂ ਹੈ ਭਾਵ ਇਹ ਕਿ ਸਿਰਫ਼ ਯਿਸੂ ਦਾ ਲਹੂ ਹੀ ਪਾਪਾਂ ਨੂੰ ਧੋ ਸਕਦਾ ਹੈ। ਪ੍ਰਮੇਸ਼ਵਰ ਦਾ ਇਨਾਮ ਮਨੁੱਖ ਦੀ ਸ਼ਕਤੀ ਕਰਕੇ ਨਹੀਂ ਮਿਲਦਾ ਸਗੋਂ ਪ੍ਰਮੇਸ਼ਵਰ *ਉਸ ਵਿਸ਼ਵਾਸ* ਦਾ ਇਨਾਮ ਦਿੰਦਾ ਹੈ, ਜਿਹਦੇ ਕਰਕੇ ਉਹ ਆਦਮੀ ਕੰਮ ਕਰਦਾ ਹੈ। ਜਿਵੇਂ ਯਹੋਸ਼ੁਆ ਅਤੇ ਇਸਰਾਏਲੀਆਂ ਨੇ ਇਹ ਸਮਝ ਕੇ ਵਿਸ਼ਵਾਸ ਨਾਲ ਕੰਮ ਕੀਤਾ ਕਿ ਜੋ ਕੁਝ ਉਹ ਕਰ ਰਹੇ ਹਨ ਉਸ ਨਾਲ ਕੰਧਾਂ ਨਹੀਂ ਡਿੱਗਣਗੀਆਂ, ਸੋ ਜੋ ਲੋਕ ਬਪਤਿਸਮਾ ਲੈਂਦੇ ਹਨ ਉਹ ਇਹ ਸਮਝ ਕੇ ਵਿਸ਼ਵਾਸ ਨਾਲ ਕੰਮ ਕਰਦੇ ਹਨ ਕਿ ਜੋ ਕੁਝ ਉਹ ਕਰ ਰਹੇ ਹਨ ਉਸ ਵਿਚ ਪਾਪਾਂ ਨੂੰ ਧੋਣ ਦੀ ਸ਼ਕਤੀ *ਨਹੀਂ* ਹੈ।

ਮੁਕਤੀ ਜਾਂ ਨਜਾਤ ਉਨ੍ਹਾਂ ਨੂੰ ਮਿਲਦੀ ਹੈ ਜਿਨ੍ਹਾਂ ਦਾ ਵਿਸ਼ਵਾਸ ਯਿਸੂ ਦੇ ਲਹੂ ਵਿਚ ਹੁੰਦਾ ਹੈ (ਰੋਮੀਆਂ 3:23-25)। ਜੋ ਬਪਤਿਸਮਾ ਪਾਪਾਂ ਦੀ ਮਾਫ਼ੀ ਲਈ ਯਿਸੂ ਦੇ ਲਹੂ ਤੇ ਵਿਸ਼ਵਾਸ ਨਾਲ *ਨਹੀਂ* ਉਹ ਪੂਰੀ ਤਰ੍ਹਾਂ ਨਾਲ ਸਲੀਬ ਤੇ ਉਹਦੀ ਮੌਤ ਨਾਲ ਜੁੜਿਆ ਹੋਇਆ ਨਹੀਂ ਹੈ ਅਤੇ ਉਹਦੇ ਲਹੂ ਵਿਚ ਵਿਸ਼ਵਾਸ ਦਾ ਕੰਮ *ਨਹੀਂ* ਹੈ। ਜੇ ਸ਼ੁੱਧ ਕਰਨ ਲਈ ਯਿਸੂ ਦੇ *ਲਹੂ* ਵਿਚ ਵਿਸ਼ਵਾਸ ਦੇ ਬਗੈਰ ਬਪਤਿਸਮੇ ਰਾਹੀਂ ਕੋਈ ਬਚਾਇਆ ਜਾ ਸਕਦਾ ਹੈ ਤਾਂ ਉਹ ਯਿਸੂ ਦੇ ਲਹੂ ਵਿਚ ਵਿਸ਼ਵਾਸ ਕੀਤੇ ਬਗੈਰ ਵੀ ਬਚਾਇਆ ਜਾ ਸਕਦਾ ਸੀ, ਸਗੋਂ ਉਹਦਾ ਬਪਤਿਸਮਾ ਵੀ ਪ੍ਰਮੇਸ਼ਵਰ ਦਾ ਹੁਕਮ ਮੰਨਣ ਲਈ ਹੀ ਹੋਵੇਗਾ।

ਸਿਸਿਲ ਮੇਅ, ਜੂਨੀਅਰ ਨੇ ਕਿਸੇ ਆਦਮੀ ਵੱਲੋਂ ਦਿੱਤੀਆਂ ਉਦਾਹਰਣਾਂ ਨੂੰ ਇਹ ਸਾਬਤ ਕਰਨ ਲਈ ਕਿ ਬਗੈਰ ਸਮਝੇ ਬਪਤਿਸਮਾ ਲੈਣ ਨਾਲ ਪਾਪਾਂ ਤੋਂ ਮਾਫ਼ੀ ਹੋ ਸਕਦੀ ਹੈ, ਦੇ ਜਵਾਬ ਵਿਚ ਲਿਖਿਆ ਹੈ:

> ਬੀਮਾਰ ਲੋਕ ਜੇ ਸਹੀ ਦਵਾਈ ਲੈ ਲੈਣ ਤਾਂ ਦਵਾਈ ਉਨ੍ਹਾਂ ਨੂੰ ਚੰਗਾ ਕਰ ਦੇਵੇਗੀ, ਭਾਵੇਂ ਉਨ੍ਹਾਂ ਨੂੰ ਪਤਾ ਹੋਵੇ ਜਾਂ ਨਾ ਕਿ ਇਹਦਾ ਮਕਸਦ ਉਨ੍ਹਾਂ ਨੂੰ ਚੰਗਾ ਕਰਨਾ ਹੈ। ਜੇ ਉਨ੍ਹਾਂ ਨੂੰ ਲਗਦਾ ਹੈ ਕਿ ਉਹ ਬਿਲਕੁਲ ਤੰਦਰੁਸਤ ਹਨ ਅਤੇ ਆਪਣੇ ਡਾਕਟਰ ਜਾਂ ਮਾਂ ਬਾਪ ਦੀ ਗੱਲ ਮੰਨ ਕੇ ਦਵਾਈ ਲੈ ਲੈਂਦੇ ਹਨ, ਤਾਂ ਵੀ ਕੰਮ ਦਵਾਈ ਹੀ ਕਰੇਗੀ।[1]

ਇਕ ਹੋਰ ਉਦਾਹਰਣ ਦਿੰਦਿਆਂ ਉਹਨੇ ਲਿਖਿਆ ਹੈ:

> ਪਰ ਇਹ ਉਦਾਹਰਣਾਂ ਕੰਮ ਅਤੇ ਵਾਅਦੇ ਵਿਚਕਾਰ ਸਬੰਧ ਤੇ ਆ ਕੇ ਖ਼ਰਾਬ ਹੋ ਜਾਂਦੀਆਂ ਹਨ। ਸੰਖੇਪ ਰੂਪ ਵਿਚ, ... ਦਵਾਈ ਦਾ *ਕੁਦਰਤੀ* ਸਬੰਧ ਚੰਗਾਈ ਦੇਣ ਨਾਲ ਹੈ। ਕਿਉਂਕਿ ਬਚਾਇਆ ਜਾਣਾ ਕਿਰਪਾ ਤੋਂ ਹੁੰਦਾ ਹੈ, ਨਾ ਕਿ ਬਪਤਿਸਮਾ ਲੈਣ ਵੇਲੇ ਹੱਥ 'ਚ ਫੜਾਇਆ ਜਾਂਦਾ ਹੈ, ਵਿਸ਼ਵਾਸ ਨਾਲ ਪਾਇਆ ਜਾਂਦਾ ਹੈ, ਪਾਣੀ ਜਾਂ (ਬਪਤਿਸਮਾ ਲੈਣ ਦੇ) ਕਰਮ ਨਾਲ ਨਹੀਂ ਪਾਇਆ ਜਾਂਦਾ, ਬਪਤਿਸਮੇ

> ਅਤੇ ਬਚਾਏ ਜਾਣ ਨਾਲ ਉਹਦੇ ਸਬੰਧ ਵਿਚ ਸਮਝੀ ਜਾਣ ਵਾਲੀ ਗੱਲ ਹੈ ਕਿ ਤੌਬਾ ਦੇ ਕਾਰਣ ਲਿਆ ਗਿਆ ਹੈ।
>
> ਕਿਸੇ ਦਾ ਬਚਾਇਆ ਜਾਣਾ ਸਾਨੂੰ ਆਪਣੇ ਬਚਾਏ ਜਾਣ ਦੀ ਲੋੜ ਲਗਦੀ ਹੈ, ਉਸ ਧਾਰਮਿਕਤਾ ਤੇ ਯਕੀਨ ਕਰਕੇ ਜਿਹੜੀ ਮਸੀਹ ਮੁਹੱਈਆ ਕਰਾਉਂਦਾ ਹੈ, ਅਸੀਂ ਬਪਤਿਸਮਾ ਲੈਂਦੇ ਹਾਂ, ਕਿਉਂਕਿ ਉਹਨੇ ਕਿਹਾ ਹੈ, ''ਜਿਹੜਾ ਨਿਹਚਾ ਕਰੇ ਅਤੇ ਬਪਤਿਸਮਾ ਲਵੇ ਉਹ ਬਚਾਇਆ ਜਾਵੇਗਾ।'' ਬਚਾਇਆ ਜਾਣਾ ਬਪਤਿਸਮਾ ਲੈਣ ਨਾਲ ਹੀ ਹੁੰਦਾ ਹੈ, ਪਰ ਮਸੀਹ ਵਿਚ ਸਾਡੇ ਵਿਸ਼ਵਾਸ ਦੇ ਬਗੈਰ ਬਪਤਿਸਮੇ ਦਾ ਬਚਾਏ ਜਾਣ ਨਾਲ ਕੋਈ ਸਬੰਧ ਨਹੀਂ ਹੈ। ਜਿਹਨੇ ਵਾਅਦੇ ਰਾਹੀਂ ਉਨ੍ਹਾਂ ਨੂੰ ਜੋੜਿਆ, ਕਿ ਅਸੀਂ ਵਿਸ਼ਵਾਸ ਕਰਕੇ ਕਿਰਪਾ ਨਾਲ ਬਚਾਏ ਜਾਈਏ।[2]

ਜੇ ਬਪਤਿਸਮੇ ਨਾਲ ਪਾਪ ਖੁਦ-ਬ-ਖੁਦ ਮਿਟ ਜਾਂਦੇ ਤਾਂ ਬਪਤਿਸਮਾ ਲੈਣ ਵਾਲੇ ਦੇ ਵਿਸ਼ਵਾਸ ਜਾਂ ਸਮਝ ਦੇ ਬਗੈਰ ਹੀ ਪਾਪ ਮਿਟ ਜਾਂਦਾ। ਨਿਰਾ ਬਪਤਿਸਮਾ ਲੈਣ ਨਾਲ ਪਾਪ ਨਹੀਂ ਮਿਟ ਸਕਦਾ, ਇਸ ਲਈ ਕਿਸੇ ਦੂਜੇ ਵਿਚ ਅਰਥਾਤ ਯਿਸੂ ਵਿਚ ਜਿਸ ਨੇ ਸਾਡੇ ਪਾਪਾਂ ਲਈ ਆਪਣਾ ਲਹੂ ਵਹਾਇਆ, ਵਿਸ਼ਵਾਸ ਪਾਪਾਂ ਨੂੰ ਮਿਟਾਉਣ ਲਈ ਜ਼ਰੂਰੀ ਹੈ। ਜੇ ਨਾ ਹੁੰਦਾ, ਤਾਂ ਪਾਪਾਂ ਦੀ ਮਾਫ਼ੀ ਯਿਸੂ ਦੇ ਲਹੂ ਵਿਚ ਵਿਸ਼ਵਾਸ ਦੇ ਰਾਹੀਂ *ਨਹੀਂ*, ਸਗੋਂ ਯਿਸੂ ਦੇ ਲਹੂ ਦੀ ਸ਼ੁੱਧ ਕਰਨ ਵਾਲੀ ਸ਼ਕਤੀ ਤੇ ਵਿਸ਼ਵਾਸ ਦੇ ਬਿਨਾਂ ਪ੍ਰਮੇਸ਼ਵਰ ਦੇ ਹੁਕਮ ਦੀ ਰਸਮ ਪੂਰੀ ਕਰਨ ਨਾਲ ਹੋ ਜਾਂਦੀ। *ਇੰਜ ਤਾਂ ਬਪਤਿਸਮਾ ਮਨੁੱਖ ਦੀ ਪਾਪਪੂਰਣ ਸਥਿਤੀ ਅਤੇ ਯਿਸੂ ਦੇ ਲਹੂ ਦੀ ਸ਼ਕਤੀ ਨੂੰ ਬਿਲਕੁਲ ਬੇਮੇਲ ਬਣਾ ਦਿੰਦਾ।*

ਪਾਪ ਨੂੰ ਮਿਟਾਉਣ ਦੀ ਸ਼ਕਤੀ ਬਪਤਿਸਮੇ ਵਿਚ ਨਹੀਂ, ਸਗੋਂ ਯਿਸੂ ਦੇ ਲਹੂ ਵਿਚ ਹੈ ਇਸ ਲਈ ਬਪਤਿਸਮੇ ਦਾ ਲਾਭ ਸਿਰਫ਼ ਉਹੀ ਪਾ ਸਕਦਾ ਹੈ ਜਿਹਦਾ ਵਿਸ਼ਵਾਸ ਉਹਦੇ ਲਹੂ ਵਿਚ ਹੋਵੇ। ਬਪਤਿਸਮਾ ਲੈਣ ਨਾਲ ਹੀ ਮਾਫ਼ੀ ਦੀ ਗੱਲ ਨਾਲ ਤਾਂ ਯਿਸੂ ਦੇ ਲਹੂ ਵਿਚ *ਵਿਸ਼ਵਾਸ* ਦੀ ਬਜਾਏ ਮਾਫ਼ੀ ਦਾ ਅਧਾਰ ਬਪਤਿਸਮਾ ਹੀ ਬਣ ਜਾਵੇਗਾ। ਬਚਾਉਣ ਵਾਲੀ ਯਿਸੂ ਦੇ ਲਹੂ ਦੀ ਸ਼ਕਤੀ ਵਿਚ ਵਿਸ਼ਵਾਸ ਕੀਤੇ ਬਗੈਰ ਕਰਮਾਂ ਦੀ ਸਿੱਖਿਆ ਨਵੇਂ ਨੇਮ ਦਾ ਕੋਈ ਵਿਰੋਧੀ ਨਹੀਂ ਹੈ (ਅਫ਼ਸੀਆਂ 2:8; 3:25)।

ਉੱਪਰ ਦਿੱਤੇ ਨਿਚੋੜਾਂ ਵਿੱਚੋਂ ਕੁਝ ਨਜ਼ਰੀਏ ਫ਼ਰਕ ਹਨ:

> … ਲੋਕਾਂ ਨੂੰ ਕੋਈ ਹੁਕਮ ਮੰਨਣ ਦੀ ਗੱਲ ਕਹਿਣ ਵਿਚ ਪ੍ਰਭੂ ਦਾ ਮਕਸਦ ਜੋ ਵੀ ਹੋਵੇ, ਪਰ ਉਨ੍ਹਾਂ ਨੂੰ ਇਹੀ ਵੇਖਣਾ ਚਾਹੀਦਾ ਹੈ ਕਿ ਹੁਕਮ ਕੀ ਦਿੱਤਾ ਗਿਆ ਹੈ, ਨਾ ਕਿ ਇਹ ਕਿ ਕਿਉਂ ਦਿੱਤਾ ਗਿਆ ਹੈ। ਸੱਚ ਤਾਂ ਇਹ ਹੈ ਕਿ ਉਹ ਮਕਸਦ ਨੂੰ ਪੂਰਾ ਨਹੀਂ ਕਰ ਸਕਦੇ। ''ਪਾਪਾਂ ਦੀ ਮਾਫ਼ੀ'' (ਰਸੂਲਾਂ ਦੇ ਕੰਮ 2:38), ਬਪਤਿਸਮੇ ਨਾਲ ਜੁੜਿਆ ਇਕ ਮਕਸਦ ਹੈ ਜਿਸ ਨੂੰ ਪ੍ਰਮੇਸ਼ਵਰ ਕਿਸੇ ਦੇ ਬਪਤਿਸਮਾ ਲੈਣ ਤੇ ਪੂਰਾ ਕਰਦਾ ਹੈ। ਭਾਵੇਂ ''ਪਵਿੱਤਰ ਆਤਮਾ ਦੇ ਦਾਨ'' ਨੂੰ ਇਕ ਵਾਇਦੇ ਦੇ ਰੂਪ ਵਿਚ ਲਿਖਿਆ ਗਿਆ ਹੈ, ਪਰ ਇਹ ਮਾਫ਼ੀ ਦੇ ਨਾਲ ਓਸੇ ਵਰਗ ਵਿਚ ਮੇਲ ਖਾਂਦਾ ਹੈ ਕਿਉਂਕਿ ਦੋਵੇਂ ਹੀ ਤੌਬਾ ਕਰਨ ਅਤੇ ਬਪਤਿਸਮਾ ਲੈਣ ਵਾਲਿਆਂ ਲਈ ਪ੍ਰਮੇਸ਼ਵਰ ਵੱਲੋਂ ਮਿਲਣ ਵਾਲੀਆਂ ਬਰਕਤਾਂ ਹਨ। ਨਾ ਤਾਂ ''ਪਾਪਾਂ ਦੀ ਮਾਫ਼ੀ'' ਅਤੇ ਨਾ ਹੀ ''ਪਵਿੱਤਰ ਆਤਮਾ ਦਾ ਦਾਨ'' ਬਪਤਿਸਮਾ ਲੈਣ ਵਾਂਗ ਹੁਕਮ ਹਨ। ਦੋਵੇਂ ਹੀ ਉਹ ਫ਼ਲ ਹਨ ਜਿਹੜੇ ਹੁਕਮ ਮੰਨਣ ਤੇ ਹੀ ਮਿਲਦੇ ਹਨ। ਪ੍ਰਭੂ ਦੀ ਇਹ ਸਾਫ਼ ਗੱਲ ਕਿਸੇ

ਨੂੰ ਨਹੀਂ ਮਿਲੇਗੀ ਕਿ ਪ੍ਰਮੇਸ਼ਵਰ ਬਪਤਿਸਮੇ ਸਮੇਂ ਮਾਫ਼ੀ ਅਤੇ ਆਤਮਾ ਦਾ ਦਾਨ ਦਿੰਦਾ ਹੈ ਜਾਂ ਇਨ੍ਹਾਂ ਵਿੱਚੋਂ ਇਕ ਜਾਂ ਦੋਵੇਂ ਫ਼ਾਇਦਿਆਂ ਤੋਂ ਮੁੱਕਰਦਾ ਹੈ।[3]

ਕੋਈ ਵੀ ਇਸ ਗੱਲ ਤੋਂ ਇਨਕਾਰ ਨਹੀਂ ਕਰਦਾ ਕਿ ਪਾਪ ਪ੍ਰਮੇਸ਼ਵਰ ਹੀ ਮਾਫ਼ ਕਰਦਾ ਹੈ। ਪਰ ਕਿਸੇ ਦੂਜੇ ਰਾਹੀਂ ਕੀਤੇ ਗਏ ਵਾਅਦੇ ਨੂੰ ਪਾਉਣ ਲਈ ਉਸ ਨੂੰ ਕਬੂਲ ਕੀਤਾ ਜਾ ਸਕਦਾ ਹੈ। ਇਸਰਾਏਲੀਆਂ ਨੂੰ ਵਿਸ਼ਵਾਸ ਸੀ ਕਿ ਪ੍ਰਮੇਸ਼ਵਰ ਯਰੀਹੋ ਦੀ ਸ਼ਹਿਰਪਨਾਹ ਡੇਗ ਦੇਵੇਗਾ। ਸੋ ਉਨ੍ਹਾਂ ਨੇ ਕੀਤੇ ਗਏ ਵਾਅਦੇ ਨੂੰ ਪਾਉਣ ਲਈ ਉਹਦੀ ਗੱਲ ਮੰਨੀ ਸੀ।

''ਸੌ ਰੁਪਏ ਲੈਣ ਲਈ ਹੱਥ ਬਾਹਰ ਕੱਢੋ!'' ਅਤੇ ''ਹੱਥ ਕੱਢੋ!'' ਵਿਚ ਫ਼ਰਕ ਹੈ। ਦੂਜੇ ਵਾਕ ਨਾਲ ਕੋਈ ਸਪੱਸ਼ਟ ਉਦੇਸ਼ ਜਾਂ ਬਰਕਤ ਨਹੀਂ ਜੁੜੀ ਹੋਈ ਹੈ। ਪਹਿਲੇ ਵਾਕ ਵਿਚ ਹੁਕਮ ਮੰਨਣ ਵਾਲੇ ਲਈ *ਇਕ ਵਾਇਦੇ* ਵਿਚ ਵਿਸ਼ਵਾਸ ਅਤੇ *ਉਦੇਸ਼ ਨਾਲ* ਕਿਰਿਆ ਜ਼ਰੂਰੀ ਹੈ, ਜਦ ਕਿ ਦੂਜੇ ਵਾਕ ਵਿਚ ਅੱਖਾਂ ਮੀਟ ਕੇ ਹੁਕਮ ਮੰਨਣ ਦੇ ਇਲਾਵਾ ਨਾ ਤਾਂ ਵਿਸ਼ਵਾਸ ਅਤੇ ਨਾ ਹੀ ਉਦੇਸ਼ ਦੀ ਲੋੜ ਹੈ।

*ਪਹਿਲੇ,* ਕਥਨ ਦੇ ਅਨੁਸਾਰ ਹੱਥ ਕੱਢਣਾ ਕਿਸੇ ਨੂੰ ਸੌ ਰੁਪਏ ਲੈਣ ਦੇ ਯੋਗ *ਨਹੀਂ* ਬਣਾਵੇਗਾ ਜਦ ਤਕ ਉਹ ਸੌ ਰੁਪਏ ਲੈਣ ਲਈ ਆਪਣਾ ਹੱਥ ਬਾਹਰ ਨਹੀਂ ਕੱਢਦਾ। ਹੱਥ ਕਿਸੇ ਨਾਲ ਮਿਲਾਉਣ ਜਾਂ ਕਿਸੇ ਹੋਰ ਕਾਰਣ ਵੀ ਕੱਢਿਆ ਜਾ ਸਕਦਾ ਹੈ, ਪਰ ਇਸ ਨਾਲ ਉਹ ਸੌ ਰੁਪਏ ਲੈਣ ਦੇ ਯੋਗ ਨਹੀਂ ਹੋ ਸਕਦਾ। ਜੇ ਕਿਸੇ ਨੂੰ ਉਸ ਦੇ ਮਨ ਦਾ ਪਤਾ ਲੱਗ ਜਾਵੇਗਾ ਕਿ ਉਸ ਨੇ ਸੌ ਰੁਪਏ ਲੈਣ ਲਈ ਹੱਥ ਕੱਢਿਆ ਸੀ ਜਾਂ ਨਹੀਂ। ਹੁਣ *ਦੂਜੇ* ਵਾਕ ਤੇ ਵਿਚਾਰ ਕਰੋ। ਕੋਈ ਕਿਸੇ ਤੇ ਸੌ ਰੁਪਏ ਦੇਣ ਜਾਂ ਸੌ ਰੁਪਏ ਲਈ ਹੱਥ ਕੱਢਣ ਤੇ ਕਿਵੇਂ ਯਕੀਨ ਕਰ ਸਕਦਾ ਹੈ ਜੇ ਉਸ ਨੂੰ ਪਤਾ ਹੀ ਨਾ ਹੋਵੇ ਜਾਂ ਸਮਝ ਹੀ ਨਾ ਹੋਵੇ ਕਿ ਵਾਅਦਾ ਕੀ ਕੀਤਾ ਗਿਆ ਹੈ?

ਪੁਰਾਣੇ ਨੇਮ ਵਿਚ, ਜਾਨਵਰਾਂ ਦੀ ਕੁਰਬਾਨੀ ਸੁੱਖ ਸਾਂਦ ਦੀ ਭੇਂਟ, ਪਾਪ ਬਲੀ ਜਾਂ ਦੋਸ਼ ਬਲੀ ਦੇ ਰੂਪ ਵਿਚ ਦਿੱਤੀ ਜਾ ਸਕਦੀ ਸੀ (ਲੇਵੀਆਂ 4:27, 28)। ਹਰ ਕੁਰਬਾਨੀ ਲਿਆਉਣ ਦਾ ਕੋਈ ਮਕਸਦ ਹੁੰਦਾ ਸੀ; ਮਿਸਾਲ ਦੇ ਤੌਰ ਤੇ, ''ਉਸ ਪਾਪ ਲਈ ਜੋ ਉਸ ਨੇ ਕੀਤਾ ਹੈ'' ਵਿਅਕਤੀ ਲਈ ਪਾਪ ਦੀ ਬਲੀ ਲਿਆਉਣਾ ਜ਼ਰੂਰੀ ਸੀ। ਵੱਖੋ-ਵੱਖ ਕੁਰਬਾਨੀਆਂ ਲਈ ਜਾਨਵਰ ਉਹੀ ਹੋ ਸਕਦਾ ਸੀ, ਪਰ ਹਰੇਕ ਕੁਰਬਾਨੀ ਦਾ ਖ਼ਾਸ ਮਕਸਦ ਹੋਣਾ ਜ਼ਰੂਰੀ ਸੀ।

ਕਿਸੇ ਇਸਰਾਏਲੀ ਵੱਲੋਂ ਯਾਜਕ ਕੋਲ ਬੱਕਰੀ ਦਾ ਬੱਚਾ ਲਿਆ ਕੇ ਇਹ ਕਹਿਣ ਦੀ ਕਲਪਨਾ ਕਰੋ ਕਿ ਉਹ ਉਸ ਨੂੰ ਕੁਰਬਾਨ ਕਰਨਾ ਚਾਹੁੰਦਾ ਹੈ। ਯਾਜਕ ਉਸ ਤੋਂ ਪੁੱਛੇਗਾ, ''ਤੁਸੀਂ ਇਸ ਨੂੰ ਕਿਉਂ ਕੁਰਬਾਨ ਕਰਨ ਲਈ ਲਿਆਏ ਹੋ?''

ਆਦਮੀ ਜਵਾਬ ਦੇਵੇਗਾ, ''ਕਿਉਂਕਿ ਖ਼ੁਦਾ ਨੇ ਕੁਰਬਾਨੀ ਦੇਣ ਦਾ ਹੁਕਮ ਦਿੱਤਾ ਹੈ।''

ਯਾਜਕ ਜਵਾਬ ਦੇਵੇਗਾ, ''ਹਰ ਕੁਰਬਾਨੀ ਕਿਸੇ ਮਕਸਦ ਲਈ ਦਿੱਤੀ ਜਾਂਦੀ ਹੈ। ਤੁਸੀਂ ਇਹ ਕੁਰਬਾਨੀ ਕਿਸ ਮਕਸਦ ਲਈ ਲਿਆਏ ਹੋ?''

ਉਹ ਜਵਾਬ ਦੇਵੇਗਾ, ''ਖ਼ੁਦਾ ਨੇ ਕੁਰਬਾਨੀ ਦੇਣ ਦਾ ਹੁਕਮ ਦਿੱਤਾ ਸੀ।''

''ਇਨਾਂ ਹੀ ਕਾਫ਼ੀ ਨਹੀਂ ਹੈ। ਕੁਰਬਾਨੀ ਦੇਣ ਦਾ ਤੁਹਾਡਾ ਕੋਈ ਮਕਸਦ ਤਾਂ ਹੋਣਾ ਜ਼ਰੂਰੀ ਹੈ,'' ਯਾਜਕ ਉਸ ਨੂੰ ਦੱਸੇਗਾ।

''ਇਹ ਤਾਂ ਮੈਨੂੰ ਪਤਾ ਨਹੀਂ ਕਿ ਮੈਂ ਇਹ ਕੁਰਬਾਨੀ ਕਿਉਂ ਦੇ ਰਿਹਾ ਹਾਂ। ਮੈਂ ਤਾਂ ਸਿਰਫ਼ ਇਨਾਂ ਜਾਣਦਾ ਹਾਂ ਕਿ ਖ਼ੁਦਾ ਨੇ ਕੁਰਬਾਨੀ ਦੇਣ ਦਾ ਹੁਕਮ ਦਿੱਤਾ ਸੀ,'' ਉਹ ਇਹ ਕਹਿ ਸਕਦਾ ਹੈ।

''ਭਲਾ ਇਹ ਕੁਰਬਾਨੀ ਤੁਹਾਡੇ ਪਾਪ ਲਈ ਹੈ?'' ਯਾਜਕ ਪੁੱਛ ਸਕਦਾ ਹੈ।

''ਪਾਪਾਂ ਤੋਂ ਮਾਫ਼ੀ ਦੇਣਾ ਤਾਂ ਖ਼ੁਦਾ ਦਾ ਕੰਮ ਹੈ,'' ਉਹ ਇਤਰਾਜ਼ ਕਰ ਸਕਦਾ ਹੈ। ''ਪਾਪਾਂ ਦੀ ਮਾਫ਼ੀ ਲਈ ਹੁਕਮ ਮੈਂ ਨਹੀਂ ਮੰਨ ਸਕਦਾ। ਮੈਂ ਤਾਂ ਸਿਰਫ਼ ਖ਼ੁਦਾ ਦਾ ਹੁਕਮ ਮੰਨਣਾ ਚਾਹੁੰਦਾ ਹਾਂ।''

''ਬਗੈਰ ਮਕਸਦ ਦੇ ਤੁਸੀਂ ਖ਼ੁਦਾ ਦਾ ਹੁਕਮ ਮੰਨਣ ਲਈ ਕੁਰਬਾਨੀ ਨਹੀਂ ਦੇ ਸਕਦੇ ਹੋ,'' ਯਾਜਕ ਉਸ ਨੂੰ ਕਹਿ ਸਕਦਾ ਹੈ। ''ਖ਼ੁਦਾ ਨੇ ਸਿਰਫ਼ ਕੁਰਬਾਨੀ ਦੇਣ ਦਾ ਹੀ ਹੁਕਮ ਨਹੀਂ ਦਿੱਤਾ। ਉਸ ਨੇ ਤਾਂ ਖ਼ਾਸ ਮਕਸਦਾਂ ਲਈ ਕੁਰਬਾਨੀ ਦੇਣ ਦਾ ਹੁਕਮ ਦਿੱਤਾ ਹੈ।''

''ਮੇਰਾ ਪਾਪ ਤਾਂ ਮਾਫ਼ ਹੋ ਚੁਕਿਆ ਹੈ। ਕੁਰਬਾਨੀ ਤਾਂ ਖ਼ੁਦਾ ਦਾ ਹੁਕਮ ਮੰਨਣ ਕਰਕੇ ਹੈ,'' ਉਹ ਕਹਿ ਸਕਦਾ ਹੈ।

ਯਾਜਕ ਇਹ ਕਹਿ ਕੇ ਗੱਲ ਮੁਕਾਉਂਦਾ ਹੈ, ''ਜਦ ਤਕ ਕੁਰਬਾਨੀ ਕਿਸੇ ਖ਼ਾਸ ਮਕਸਦ ਲਈ ਨਾ ਹੋਵੇ, ਮੈਂ ਇਹਨੂੰ ਨਹੀਂ ਚੜ੍ਹਾ ਸਕਦਾ। ਮੈਂ ਇਸ ਨੂੰ ਸੁੱਖ ਸਾਂਦ ਦੀ ਭੇਂਟ, ਜਾਂ ਪਾਪ ਦੀ ਬਲੀ, ਜਾਂ ਦੋਸ਼ ਬਲੀ ਦੇ ਰੂਪ ਵਿਚ ਚੜ੍ਹਾ ਤਾਂ ਦਿਆਂਗਾ, ਪਰ ਇਸ ਲਈ ਕਿ ਖ਼ੁਦਾ ਦਾ ਹੁਕਮ ਹੈ, ਮੈਂ ਇਸ ਨੂੰ ਭੇਂਟ ਨਹੀਂ ਕਰ ਸਕਦਾ।''

ਖ਼ੁਦਾ ਦਾ ਹੁਕਮ ਮੰਨਣ ਲਈ ਨਿਰੀ ਕੁਰਬਾਨੀ ਹੀ ਨਹੀਂ, ਇਸ ਤੋਂ ਵੱਧ ਦੀ ਲੋੜ ਹੈ ਕਿਉਂਕਿ ਹੁਕਮ ਮੰਨਣਾ ਇਸ ਗੱਲ ਦੀ ਮੰਗ ਕਰਦਾ ਹੈ ਕਿ ਕੰਮ ਦਾ ਸਹੀ ਉਦੇਸ਼ ਹੋਵੇ।

ਅੱਜ ਬਪਤਿਸਮਾ ਬਹੁਤ ਸਾਰੇ ਕਾਰਣਾਂ ਕਰਕੇ ਦਿੱਤਾ ਜਾਂਦਾ ਹੈ (ਜਿਵੇਂ, ਕਿਸੇ ਡਿਨੋਮਿਨੇਸ਼ਨ ਦਾ ਮੈਂਬਰ ਬਣਨ ਲਈ ਜਾਂ ਇਹ ਵਿਖਾਉਣ ਲਈ ਕਿ ਕੋਈ ਪਹਿਲਾਂ ਹੀ ਬਚਾਇਆ ਜਾ ਚੁਕਿਆ ਹੈ)। ਬੇਸ਼ਕ ਹੁਕਮ ਮੰਨਣ ਲਈ ਬਪਤਿਸਮਾ ਲੈਣਾ ਪ੍ਰਮੇਸ਼ਵਰ ਦਾ ਹੁਕਮ ਮੰਨਣ ਦਾ ਇਕ ਕਾਰਣ ਹੋ ਸਕਦਾ ਹੈ ਪਰ ਪ੍ਰਮੇਸ਼ਵਰ ਵੱਲੋਂ ਕੀਤੇ ਗਏ ਵਾਅਦੇ ਵਿਚ ਵਿਸ਼ਵਾਸ ਦੇ ਬਗੈਰ ਹੁਕਮ ਮੰਨਣ ਨੂੰ ਪ੍ਰਮੇਸ਼ਵਰ ਦਾ ਹੁਕਮ ਮੰਨਣਾ ਨਹੀਂ ਕਿਹਾ ਜਾ ਸਕਦਾ।

## ਕਥਨ 1: ''ਯਿਸੂ ਸਾਡਾ ਆਦਰਸ਼ ਹੈ''

ਕਿਹਾ ਜਾਂਦਾ ਹੈ ਕਿ ਯਿਸੂ ਬਪਤਿਸਮਾ ਲੈਣ ਦੇ ਸਾਡੇ ਉਦੇਸ਼ ਦਾ ਨਮੂਨਾ ਹੈ ਅਰਥਾਤ ''ਸਾਥੋਂ ... ਯਿਸੂ ਵਾਂਗ ਬਪਤਿਸਮਾ ਲੈਣ ਦੀ ਉਮੀਦ ਕੀਤੀ ਜਾਂਦੀ ਹੈ।''[4] ਕਈ ਤਰ੍ਹਾਂ ਨਾਲ ਯਿਸੂ ਸਾਡਾ ਨਮੂਨਾ ਹੈ, ਪਰ ਪਾਪਾਂ ਦੀ ਮਾਫ਼ੀ ਲਈ ਉਹ ਸਾਡੇ ਲਈ ਨਮੂਨਾ ਨਹੀਂ ਹੋ ਸਕਦਾ, ਜਿਹਦੇ ਲਈ ਤੌਬਾ ਕਰਨਾ ਜ਼ਰੂਰੀ ਹੈ (ਰਸੂਲਾਂ ਦੇ ਕੰਮ 3: 19), ਕਿਉਂਕਿ ਉਹਨੇ ਕੋਈ ਪਾਪ ਨਹੀਂ ਕੀਤਾ ਸੀ ਜਿਹਦੇ ਲਈ ਉਹਨੂੰ ਤੌਬਾ ਕਰਨ ਦੀ ਲੋੜ ਪੈਂਦੀ ਜਾਂ ਉਹਨੂੰ ਮਾਫ਼ੀ ਦੀ ਲੋੜ ਹੁੰਦੀ।

ਯਿਸੂ ਨੇ ਬਪਤਿਸਮਾ ਪ੍ਰਮੇਸ਼ਵਰ ਦਾ ਹੁਕਮ ਮੰਨਣ ਲਈ ਲਿਆ ਸੀ ਪਰ ਉਹਨੇ ਪਾਪਾਂ ਦੀ ਮਾਫ਼ੀ ਲਈ ਬਪਤਿਸਮਾ ਨਹੀਂ ਲਿਆ ਸੀ। ਯੂਹੰਨਾ ਕੋਲ ਬਪਤਿਸਮਾ ਲੈਣ ਲਈ ਆਉਣ ਵਾਲੇ ਲੋਕ ਪ੍ਰਮੇਸ਼ਵਰ ਦਾ ਹੁਕਮ ਮੰਨਣ ਲਈ ਹੀ ਆਏ ਸਨ। ਉਨ੍ਹਾਂ ਦੇ ਆਉਣ ਦਾ ਕਾਰਣ ਸਹੀ ਸੀ ਪਰ ਉਨ੍ਹਾਂ ਦਾ ਮਕਸਦ ਇਹ ਨਹੀਂ ਸੀ। ਉਹ ਆਪਣੇ ਪਾਪਾਂ ਨੂੰ ਮੰਨ ਕੇ (ਮੱਤੀ 3:6) ਅਤੇ ਉਸ ਮਾਫ਼ੀ ਨੂੰ ਪਾਉਣ ਲਈ ਆਏ ਸਨ ਜਿਹਦਾ ਪ੍ਰਚਾਰ ਯੂਹੰਨਾ ਕਰਦਾ ਸੀ (ਲੂਕਾ 3:3)।

ਯਿਸੂ ਨੂੰ ਇਸ ਕਾਰਣ ਲਈ ਆਉਣ ਦੀ ਲੋੜ ਨਾ ਹੋਣਾ ਇਸ ਤੱਥ ਨੂੰ ਨਕਾਰ ਨਹੀਂ ਦਿੰਦਾ ਕਿ ਉਸ ਕਾਰਣ ਲਈ ਸਭ ਦੂਜੇ ਲੋਕਾਂ ਨੂੰ ਆਉਣ ਦੀ ਲੋੜ ਸੀ ਅਤੇ ਨਾ ਸਾਡੇ ਆਉਣ

ਦੀ ਲੋੜ ਨੂੰ ਹੀ ਨਕਾਰਦਾ ਹੈ। ਸਾਨੂੰ ਉਨ੍ਹਾਂ ਲੋਕਾਂ ਵਰਗਾ ਬਣਨਾ ਜ਼ਰੂਰੀ ਹੈ ਜਿਨ੍ਹਾਂ ਨੇ ਇਹ ਮਹਿਸੂਸ ਕੀਤਾ ਕਿ ਸਾਡੇ ਹੱਥ ਗੰਦੇ ਹਨ ਅਤੇ ਅਸੀਂ ਉਨ੍ਹਾਂ ਨੂੰ ਧੋਣ ਲਈ ਆ ਰਹੇ ਹਾਂ। ਯਿਸੂ ਕੋਲ ਸਾਡਾ ਆਉਣਾ ਅਤੇ ਉਹਦੀ ਇੱਛਾ ਨੂੰ ਮੰਨਣਾ ਇਸ ਲਈ ਹੋਣਾ ਚਾਹੀਦਾ ਹੈ ਕਿ ਅਸੀਂ ਉਹਦੇ ਲਹੂ ਨਾਲ ਧੋਤੇ ਜਾਣ ਦੀ ਤਲਾਸ਼ ਵਿਚ ਹਾਂ। ਇਹ ਦਾ ਕਿ ਅਸੀਂ ਆਪਣੇ ਆਪ ਨੂੰ ਧੋ ਕੇ ਸ਼ੁੱਧ ਨਹੀਂ ਕਰ ਸਕਦੇ, ਅਰਥ ਇਹ ਨਹੀਂ ਹੈ ਕਿ ਅਸੀਂ ਇਸ ਧੋਤੇ ਜਾਣ ਲਈ ਬਪਤਿਸਮੇ ਰਾਹੀਂ ਯਿਸੂ ਕੋਲ ਨਹੀਂ ਆ ਸਕਦੇ। ਅਸੀਂ ਮਕਸਦ ਦਾ ਹੁਕਮ ਨਹੀਂ ਮੰਨ ਸਕਦੇ, ਪਰ ਯਿਸੂ ਦੇ ਲਹੂ ਰਾਹੀਂ ਧੋਤੇ ਜਾਣ ਦੇ ਮਕਸਦ ਲਈ ਆਉਂਦੇ ਹਾਂ। ਜਦ ਅਸੀਂ ਇਸ ਮਕਸਦ ਲਈ ਆਉਂਦੇ ਹਾਂ ਤਾਂ ਪ੍ਰਮੇਸ਼ਵਰ ਸਾਨੂੰ ਵੇਖਦਾ ਹੈ ਅਤੇ ਸਾਡੇ ਵਿਸ਼ਵਾਸ ਕਾਰਣ ਸਾਨੂੰ ਬਚਾਉਂਦਾ ਹੈ। ਕਿਸੇ ਦੂਜੇ ਮਕਸਦ ਲਈ ਬਪਤਿਸਮਾ ਲੈਣ ਆਉਣ ਵਾਲਾ ਆਦਮੀ ਯਿਸੂ ਵੱਲੋਂ ਉਸ ਨੂੰ ਮਾਫ਼ ਕਰਨ ਦੀ ਗੱਲ ਪ੍ਰਮੇਸ਼ਵਰ ਦੇ ਵਾਅਦੇ ਤੇ ਵਿਸ਼ਵਾਸ ਨਾਲ ਨਹੀਂ ਮੰਨ ਰਿਹਾ ਹੈ।

ਉਹਦੇ ਬਾਅਦ ਦੇ ਕਥਨ ਆਪਸ ਵਿਚ ਟਕਰਾਉਂਦੇ ਲਗਦੇ ਹੋਣਗੇ, ਪਰ ਰੂਬਲ ਸ਼ੈਲੀ ਨੇ ਸਹੀ ਮੁਲਾਂਕਣ ਕੀਤਾ ਹੈ, ''ਅਹਿਮ ਗੱਲ ਨਿੱਜੀ ਵਿਸ਼ਵਾਸ ਹੈ। ਕੋਈ ਕੀ ਸਮਝਦਾ ਹੈ? ਉਹਦਾ ਇਰਾਦਾ ਕੀ ਹੈ?''[5]

ਯਿਸੂ ਨੇ ਕਿਹਾ ਕਿ ਉਹ ਬਪਤਿਸਮਾ ਲੈਣ ਲਈ ਸਾਰੀ ਧਾਰਮਿਕਤਾ ਨੂੰ ਪੂਰਾ ਕਰਨ ਲਈ ਆਇਆ, ਜਿਹਦਾ ਅਰਥ ਇਹ ਹੈ ਕਿ ਉਹ ਆਪਣੇ ਬਪਤਿਸਮੇ ਦੇ ਮਕਸਦ ਤੋਂ ਅਣਜਾਣ ਨਹੀਂ ਸੀ। ਯਿਸੂ ਦੇ ਮਗਰ ਸਾਨੂੰ ਬਪਤਿਸਮੇ ਦੇ ਮਕਸਦ ਨੂੰ ਸਮਝ ਕੇ ਹੀ ਚੱਲਣਾ ਚਾਹੀਦਾ ਹੈ। ਜਿਹਦਾ ਮਤਲਬ ਇਹ ਹੈ ਕਿ ਅਸੀਂ ਆਪਣੇ ਪਾਪਾਂ ਦੀ ਮਾਫ਼ੀ ਲਈ ਬਪਤਿਸਮਾ ਲੈਣ ਆਉਂਦੇ ਹਾਂ।

## ਕਥਨ 2: ''ਆਤਮਾ ਦਾ ਦਾਨ ਅਤੇ ਪਾਪਾਂ ਦੀ ਮਾਫ਼ੀ ਇੱਕੋ ਸ਼੍ਰੇਣੀ ਵਿਚ ਹਨ''

ਕੁਝ ਲੋਕਾਂ ਨੂੰ ਬਪਤਿਸਮੇ ਦੇ ਮਕਸਦ ਦੇ ਰੂਪ ਵਿਚ ਸ਼ੁੱਧ ਹੋਣ ਦੀ ਸਮਝ ਦੀ ਲੋੜ ਤੇ ਇਤਰਾਜ਼ ਹੈ:

> ਭਾਵੇਂ ''ਪਵਿੱਤਰ ਆਤਮਾ ਦੇ ਦਾਨ'' ਨੂੰ ਇਕ ਵਾਇਦੇ ਦੇ ਤੌਰ ਤੇ ਕਿਹਾ ਗਿਆ ਹੈ ਪਰ ਇਹ ਮਾਫ਼ੀ ਦੇ ਨਾਲ ਓਸੇ ਸ਼੍ਰੇਣੀ ਵਿਚ ਆਉਂਦਾ ਹੈ ਕਿਉਂਕਿ ਦੋਵੇਂ ਹੀ ਤੌਬਾ ਕਰਨ ਅਤੇ ਬਪਤਿਸਮਾ ਲੈਣ ਵਾਲੇ ਲੋਕਾਂ ਤੇ ਪ੍ਰਮੇਸ਼ਵਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਬਰਕਤਾਂ ਹਨ। ਨਾ ਤਾਂ ਬਪਤਿਸਮੇ ਵਾਂਗ ''ਪਾਪਾਂ ਦੀ ਮਾਫ਼ੀ'' ਹੁਕਮ ਹੈ ਅਤੇ ਨਾ ਹੀ ''ਪਵਿੱਤਰ ਆਤਮਾ ਦਾ ਦਾਨ।''[6]

ਰਸੂਲਾਂ ਦੇ ਕੰਮ 2:38 ਇਹ *ਨਹੀਂ* ਕਹਿੰਦਾ ਕਿ ''ਤੌਬਾ ਕਰੋ ਅਤੇ ... ਬਪਤਿਸਮਾ ਲਓ *ਅਤੇ* ਤੁਸੀਂ ਪਾਪਾਂ ਦੀ ਮਾਫ਼ੀ *ਅਤੇ* ਪਵਿੱਤਰ ਆਤਮਾ ਪਾਓਗੇ,'' ਨਾ ਇਹ ਹੀ ਕਹਿੰਦਾ ਹੈ ਕਿ ''ਤੌਬਾ ਕਰੋ *ਅਤੇ* ਪਾਪਾਂ ਦੀ ਮਾਫ਼ੀ *ਅਤੇ* ਪਵਿੱਤਰ ਆਤਮਾ *ਦੇ ਲਈ* ਬਪਤਿਸਮਾ ਲਓ।'' ਇੱਥੇ ਲਿਖਿਆ ਹੈ ਕਿ ''ਤੌਬਾ ਕਰੋ ਅਤੇ ... ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ... ਬਪਤਿਸਮਾ ਲਵੋ ਤਾਂ ਪਵਿੱਤਰ ਆਤਮਾ ਦਾ ਦਾਨ ਪਾਓਗੇ।'' ਪਾਪਾਂ ਦੀ ਮਾਫ਼ੀ ਅਤੇ ਪਵਿੱਤਰ ਆਤਮਾ ਦਾ ਦਾਨ ਦੇ ਯੂਨਾਨੀ ਸ਼ਬਦ *eis* (''ਦੇ ਲਈ'') ਨਾਲ *ਬਰਾਬਰ ਸਬੰਧ ਨਹੀਂ* ਹਨ।

‘‘ਦੇ ਲਈ’’ (*eis*) ਦਾ ਸਬੰਧ ਸਿਰਫ਼ ਪਾਪਾਂ ਦੀ ਮਾਫ਼ੀ ਨਾਲ ਹੈ (‘‘ਪਾਪਾਂ ਦੀ ਮਾਫ਼ੀ *ਦੇ ਲਈ* ਬਪਤਿਸਮਾ ਲਵੇ’’), ਨਾ ਕਿ ਪਵਿੱਤਰ ਆਤਮਾ ਦੇ ਦਾਨ ਲਈ (‘‘ਪਵਿੱਤਰ ਆਤਮਾ *ਦੇ ਲਈ* ਬਪਤਿਸਮਾ ਲਵੇ’’)। ਬਪਤਿਸਮਾ ਪਾਪਾਂ ਦੀ ਮਾਫ਼ੀ ਪਾਉਣ ਲਈ ਹੈ, ਨਾ ਕਿ ਪਾਪਾਂ ਦੀ ਮਾਫ਼ੀ *ਅਤੇ* ਪਵਿੱਤਰ ਆਤਮਾ ਦਾ ਦਾਨ ਪਾਉਣ ਲਈ। ਪਵਿੱਤਰ ਆਤਮਾ ਨੂੰ ਪਾਉਣ ਦੀ ਸ਼ਰਤ ਪਾਪਾਂ ਦੀ ਮਾਫ਼ੀ ਵਿਚ ਯਿਸੂ ਮਸੀਹ ਦੇ ਨਾਮ ਵਿਚ ਬਪਤਿਸਮਾ ਲੈਣਾ ਹੈ।

ਵੱਖ-ਵੱਖ ਅਨੁਵਾਦਾਂ ਤੋਂ ਇਹ ਫ਼ਰਕ ਸਾਫ਼ ਹੁੰਦਾ ਹੈ:

> ਤੌਬਾ ਕਰੋ ਅਤੇ ਪਾਪਾਂ ਦੀ ਮਾਫ਼ੀ ਦੇ ਲਈ ਬਪਤਿਸਮਾ ਲਓ। ... ਅਤੇ ਤੁਸੀਂ ਪਵਿੱਤਰ ਆਤਮਾ ਦਾ ਦਾਨ ਪਾਓਗੇ (NIV, also Green, *A Literal Translation*)।

> ਤੌਬਾ ਕਰੋ, ਅਤੇ ਪਾਪਾਂ ਦੀ ਮਾਫ਼ੀ ਲਈ ਬਪਤਿਸਮਾ ਲਓ, ਅਤੇ ਤੁਸੀਂ ਪਵਿੱਤਰ ਆਤਮਾ ਦਾ ਦਾਨ ਪਾਓਗੇ (NASB, RASV, NRSV)।

ਪਾਪਾਂ ਦੀ ਮਾਫ਼ੀ ਦੇ ਬਾਅਦ ਵਕਫ਼ਾ ਜਾਂ ਸੈਮੀਕਾਲਨ ਰੱਖਣ ਤੇ, ਇਨ੍ਹਾਂ ਸਭ ਅਨੁਵਾਦਾਂ ਤੋਂ ਸੰਕੇਤ ਮਿਲਦਾ ਹੈ ਕਿ ਪਵਿੱਤਰ ਆਤਮਾ ਦਾ ਪਾਉਣਾ ਉਨ੍ਹਾਂ ਨੂੰ ਬਰਕਤ ਹੈ ਜਿਨ੍ਹਾਂ ਨੇ ਤੌਬਾ ਕਰਕੇ ਪਾਪਾਂ ਦੀ ਮਾਫ਼ੀ ਲਈ ਯਿਸੂ ਮਸੀਹ ਦੇ ਨਾਮ ਵਿਚ ਬਪਤਿਸਮਾ ਲਿਆ ਹੈ। ਇਸ ਲਈ ਬਪਤਿਸਮਾ ਪਵਿੱਤਰ ਆਤਮਾ ਪਾਉਣ ਲਈ *ਨਹੀਂ*, ਸਗੋਂ ਪਾਪਾਂ ਦੀ ਮਾਫ਼ੀ ਲਈ ਲਿਆ ਜਾਂਦਾ ਹੈ, ਜਿਸ ਦੇ ਬਾਅਦ ਪਵਿੱਤਰ ਆਤਮਾ ਦਾ ਦਾਨ ਮਿਲਦਾ ਹੈ।

ਨਵਾਂ ਜਨਮ ਦੁਆਉਣ ਵਿਚ ਵੀ ਬਪਤਿਸਮਾ ਸ਼ਾਮਲ ਹੁੰਦਾ ਹੈ। ਪਵਿੱਤਰ ਆਤਮਾ ਦਾ ਦਾਨ ਜਨਮ ਦੇ ਬਾਅਦ ਉਨ੍ਹਾਂ ਲੋਕਾਂ ਨੂੰ ਦਿੱਤਾ ਜਾਣ ਵਾਲਾ ਇਕ ਦਾਨ ਹੈ ਜਿਨ੍ਹਾਂ ਨੇ ਨਵੇਂ ਸਿਰਿਓਂ ਜਨਮ ਲੈ ਲਿਆ ਹੈ (ਗਲਾਤੀਆਂ 4:6)। ਬਪਤਿਸਮਾ ਨਵੇਂ ਸਿਰੇ ਤੋਂ ਜਨਮ ਲੈਣ ਲਈ ਲਿਆ ਜਾਂਦਾ ਹੈ, ਅਤੇ ਨਵੇਂ ਸਿਰੇ ਤੋਂ ਜਨਮ ਪਾਉਣ ਵਾਲੇ ਨੂੰ ਪਵਿੱਤਰ ਆਤਮਾ ਦਿੱਤਾ ਜਾਂਦਾ ਹੈ। ਬਪਤਿਸਮਾ ਅਤੇ ਪਵਿੱਤਰ ਆਤਮਾ ਦਾ ਦਾਨ ਪਾਪਾਂ ਦੀ ਮਾਫ਼ੀ ਅਤੇ ਨਵੇਂ ਜਨਮ ਦੇ ਨਾਲ ਸਮਾਨ ਰੂਪ ਵਿਚ ਜੁੜਿਆ ਹੋਇਆ ਨਹੀਂ ਹੈ। ਨਵਾਂ ਜਨਮ ਇਕ ਰਸਮ ਕਰਕੇ ਹੀ ਨਹੀਂ ਸਗੋਂ ਬਪਤਿਸਮਾ ਲੈਣ ਸਮੇਂ ਸ਼ੁੱਧਤਾ ਅਤੇ ਨਵਾਂ ਜੀਵਨ ਪਾਉਣ ਦੀ ਸਚੇਤ ਕੋਸ਼ਿਸ਼ ਅਤੇ ਯੋਗਦਾਨ ਨਾਲ ਹੁੰਦਾ ਹੈ।

## ਕਥਨ 3: ‘‘ਬਪਤਿਸਮੇ ਦੇ ‘into’ ਦੀ ਹਰ ਗੱਲ ਸਮਝਣਾ ਜ਼ਰੂਰੀ ਨਹੀਂ’’

ਕੁਝ ਲੋਕ ਬਪਤਿਸਮੇ ਦੇ eis ਵੱਲ ਧਿਆਨ ਦੁਆਉਂਦੇ ਹਨ ਜਿਹਦਾ ਅਨੁਵਾਦ ਅੰਗ੍ਰੇਜ਼ੀ ਵਿਚ ‘‘into’’ ਅਤੇ ਪੰਜਾਬੀ ਦੀ ਬਾਈਬਲ ਵਿਚ ‘‘ਉੱਤੇ,’’ ‘‘ਵਿਚ,’’ ‘‘ਲਈ’’ ਅਤੇ ‘‘ਦਾ’’ ਹੋਇਆ ਹੈ :

(1) ਪਿਤਾ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿਚ (ਮੱਤੀ 28:19)।

(2) ਪਾਪਾਂ ਦੀ ਮਾਫ਼ੀ ਲਈ (ਰਸੂਲਾਂ ਦੇ ਕੰਮ 2:38; ਮਰਕੁਸ 1:4; ਲੂਕਾ 3:3; ਮੱਤੀ 26:28)।

(3) ਪ੍ਰਭੂ ਯਿਸੂ ਦੇ ਨਾਮ ਵਿਚ (ਰਸੂਲਾਂ ਦੇ ਕੰਮ 19:5)।

(4) ਮਸੀਹ ਯਿਸੂ ਦਾ (ਰੋਮੀਆਂ 6:3)।
(5) ਮਸੀਹ ਦੀ ਮੌਤ ਦਾ (ਰੋਮੀਆਂ 6:3)।
(6) ਮਸੀਹ ਦੀ ਦੇਹ, ਕਲੀਸੀਆ ਵਿਚ (1 ਕੁਰਿੰਥੀਆਂ 12:13)।

ਇਸ ਲਈ ਉਨ੍ਹਾਂ ਦਾ ਤਰਕ ਹੈ ਕਿ ਜੇ ਉਨ੍ਹਾਂ ਲਈ ਜਿਨ੍ਹਾਂ ਵਿਚ ਰਸੂਲਾਂ ਦੇ ਕੰਮ 2:38 ਵਿਚ ਪਤਰਸ ਪ੍ਰਚਾਰ ਕਰ ਰਿਹਾ ਸੀ, ਪਾਪਾਂ ਦੀ ਮਾਫ਼ੀ ਨੂੰ ਸਮਝਣਾ ਜ਼ਰੂਰੀ ਸੀ ਤਾਂ ਉਨ੍ਹਾਂ ਲਈ ਬਪਤਿਸਮੇ ਦੀ *eis* (''into'') ਦੀ ਹਰ ਗੱਲ ਨੂੰ ਸਮਝਣਾ ਜ਼ਰੂਰੀ ਸੀ।[7]

ਇਸ ਵਿਚ ਮੁਸ਼ਕਲ ਇਹ ਹੈ ਕਿ ਮੱਤੀ 28:19; ਰਸੂਲਾਂ ਦੇ ਕੰਮ 19:5; ਰੋਮੀਆਂ 6:3 ਅਤੇ 1 ਕੁਰਿੰਥੀਆਂ 12:13 ਵਿਚ ਦਿੱਤੇ ਗਿਆ ਯੂਨਾਨੀ ਵਾਕਾਂਸ਼ ਨਾਲੋਂ ਫ਼ਰਕ ਹਨ, ਭਾਸ਼ਾ ਵਿਗਿਆਨੀ ਓਪਕੇ ਦਾ ਕਹਿਣਾ ਹੈ ਕਿ ਰਸੂਲਾਂ ਦੇ ਕੰਮ 2:38, ਮਰਕੁਸ 1:4, ਲੂਕਾ 3:3 ਅਤੇ ਮੱਤੀ 26:28 ਵਿਚ *eis* ਦੇ ਜ਼ੋਰ ਨੂੰ ਇਸ ਤਰ੍ਹਾਂ ਮੰਨਿਆ ਜਾਣਾ ਚਾਹੀਦਾ ਹੈ: ''*eis* ਦਾ ਅੰਤਿਮ ਜ਼ੋਰ ਇੱਥੋਂ ਤਕ ਵਧ ਜਾਂਦਾ ਹੈ ਕਿ ਸਹਿਯੋਗੀ ਉਪਸਰਗੀ ਸ਼ਬਦ ਇਕ ਅਜ਼ਾਦ ਕਿਰਿਆ ਵਿਸ਼ੇਸ਼ਣੀ ਪਰਿਭਾਸ਼ਾ ਬਣ ਜਾਂਦਾ ਹੈ।''[8] ਬਪਤਿਸਮੇ ਨਾਲ *eis* ਦੇ ਹੋਰ ਉਪਯੋਗ ''ਸਹਿਯੋਗੀ ਉਪਸਰਗੀ'' ਸ਼ਬਦ ਨਹੀਂ ਹਨ ਜੋ ''ਇਕ ਅਜ਼ਾਦ ਕਿਰਿਆ ਵਿਸ਼ੇਸ਼ਣੀ ਪਰਿਭਾਸ਼ਾ'' ਬਣਨ; ਇਸ ਲਈ ਰਸੂਲਾਂ ਦੇ ਕੰਮ 2:38 ਜਾਂ ਮਰਕੁਸ 1:4 ਨਾਲ ਸਮਰੂਪ ਨਹੀਂ ਹਨ।

ਬਪਤਿਸਮਾ ਲੈਣ ਦੇ ਸਾਡੇ ਮਕਸਦਾਂ ਨੂੰ ਖ਼ੁਦਾ ਜਾਣਦਾ ਹੈ; ਇਸੇ ਅਧਾਰ ਤੇ ਉਹ ਪਵਿੱਤਰ ਆਤਮਾ ਦਿੰਦਾ ਹੈ। ਜਿਵੇਂ ਪੁਰਾਣੇ ਨੇਮ ਵਿਚ ਲੋਕ ਆਪਣੇ ਪਾਪ ਤੋਂ ਮਾਫ਼ੀ ਪਾਉਣ ਲਈ ਕੁਰਬਾਨੀ ਲਿਆਉਂਦੇ ਸਨ ਉਸੇ ਤਰ੍ਹਾਂ ਅਸੀਂ ਆਪਣੇ ਪਾਪਾਂ ਤੋਂ ਧੋਤੇ ਜਾਣ ਲਈ ਬਪਤਿਸਮਾ ਲੈਣ ਲਈ ਆਉਂਦੇ ਹਾਂ। ਕਿਸੇ ਹੋਰ ਮਕਸਦ ਲਈ ਬਪਤਿਸਮਾ ਲੈਣ ਆਉਣ ਵਾਲੇ ਲੋਕ ਓਸ ਅਰਥ ਤੋਂ ਖੁੰਝ ਜਾਂਦੇ ਹਨ। ਜਿਹੜਾ ਖ਼ੁਦਾ ਨੇ ਬਪਤਿਸਮੇ ਨਾਲ ਜੋੜਿਆ ਹੈ।

## ਕਥਨ 4: ''ਅਬਰਾਹਾਮ ਦਾ ਸਫ਼ਰ ਇਕ ਉਦਾਹਰਣ ਹੈ''

ਕਿਸੇ ਦਾ ਕਹਿਣਾ ਹੈ ਕਿ ਅਬਰਾਹਾਮ ਦਾ ਸਫ਼ਰ ਇਹ ਦਰਸਾਉਂਦਾ ਹੈ ਕਿ ਬਪਤਿਸਮਾ ਲੈਣ ਲਈ ਇਸ ਦੇ ਮਕਸਦ ਦਾ ਪਤਾ ਹੋਣਾ ਜ਼ਰੂਰੀ ਨਹੀਂ ਹੈ।

> ਪ੍ਰਮੇਸ਼ਵਰ ਦੀ ਗੱਲ ਮੰਨਣ ਲਈ, ਅਬਰਾਹਾਮ ਆਪਣਾ ਘਰ ਛੱਡ ਕੇ ਕਿਸੇ ਹੋਰ ਥਾਂ ਜਾਣ ਲਈ ਨਿੱਕਲ ਪਿਆ ਜਦ ਕਿ ਉਹਨੂੰ ਪਤਾ ਨਹੀਂ ਸੀ ਕਿ ਉਹ ਕਿੱਥੇ ਜਾ ਰਿਹਾ ਹੈ (ਇਬਰਾਨੀਆਂ 11:8)। ਜੇ ਉਹਨੂੰ ਪਤਾ ਹੁੰਦਾ ਕਿ ਪ੍ਰਮੇਸ਼ਵਰ ਉਹਨੂੰ ਕਿੱਥੇ ਲਿਜਾ ਰਿਹਾ ਹੈ, ਭਲਾ ਉਹ ਇਸ ਤੋਂ ਵੱਧ ਆਗਿਆਕਾਰੀ ਹੁੰਦਾ?[9]

ਇਹ ਸਾਬਤ ਕਰਨ ਲਈ ਕਿ ਬਪਤਿਸਮਾ ਲੈਣ ਲਈ ਇਹਦੇ ਮਕਸਦ ਨੂੰ ਜਾਣਨ ਦੀ ਲੋੜ ਨਹੀਂ ਹੈ, ਅਬਰਾਹਾਮ ਦੇ ਸਫ਼ਰ ਦੀ ਵਰਤੋਂ ਨਾਲ ਦੋ ਮੁਸ਼ਕਲਾਂ ਖੜੀਆਂ ਹੁੰਦੀਆਂ ਹਨ। ਪਹਿਲੀ, ਅਬਰਾਹਾਮ ਨੇ ਪ੍ਰਮੇਸ਼ਵਰ ਦੇ ਕਥਨ ਵਿਚ ਸਿਰਫ਼ ਆਪਣੇ ਘਰ ਨੂੰ ਛੱਡ ਕੇ ਉਸ ਜਗ੍ਹਾ ਜਾਣਾ ਹੀ ਨਹੀਂ ਸੀ ਜਿਹੜੀ ਉਸ ਨੇ ਉਹਨੂੰ ਵਿਖਾਉਣੀ ਸੀ। ਪ੍ਰਮੇਸ਼ਵਰ ਨੇ ਉਹਨੂੰ ਦੱਸਿਆ ਸੀ ਕਿ ਜੇ ਉਹ ਅਜਿਹਾ ਕਰੇਗਾ ਤਾਂ ਉਹ ਉਸ ਨੂੰ ਇਕ ਵੱਡੀ ਕੌਮ ਬਣਾਏਗਾ ਅਤੇ ਉਹਦੇ ਰਾਹੀਂ

ਧਰਤੀ ਦੇ ਸਭ ਘਰਾਣੇ ਬਰਕਤ ਪਾਉਣਗੇ (ਉਤਪਤ 12:1-3)। ਦੂਜੀ, ਅਬਰਾਹਾਮ ਆਪਣੇ ਲੋਕਾਂ ਨੂੰ ਇਹ ਜਾਣੇ ਬਗੈਰ ਛੱਡ ਕੇ ਚਲਿਆ ਗਿਆ ਕਿ ਉਹ ਕਿੱਥੇ ਜਾ ਰਿਹਾ ਸੀ, ਪਰ ਬਿਨਾਂ ਵਾਅਦੇ ਦੇ ਨਹੀਂ ਕਿ ਪ੍ਰਮੇਸ਼ਵਰ ਉਹਨੂੰ ਵਿਖਾਏਗਾ ਕਿ ਉਹ ਕਿੱਥੇ ਜਾਵੇ (ਉਤਪਤ 12:1)।

ਬਪਤਿਸਮੇ ਦੀ ਤੁਲਨਾ ਕਈ ਵਾਰ ਇਸ ਨਾਲ ਕੀਤੀ ਜਾਂਦੀ ਹੈ ਕਿ ਇਕ ਵਿਅਕਤੀ ਨੇ ਪਾਪਾਂ ਦੀ ਮਾਫ਼ੀ ਲਈ ਪਾਣੀ ਵਿਚ ਬਪਤਿਸਮਾ ਲੈਣ ਦਾ ਫ਼ੈਸਲਾ ਕੀਤਾ ਅਤੇ ਤੁਰ ਪਿਆ। ਪਰ ਉਹਨੂੰ ਇਹ ਪਤਾ ਨਹੀਂ ਸੀ ਕਿ ਉਹ ਬਪਤਿਸਮਾ ਲੈਣ ਲਈ ਕਿੱਥੇ ਜਾ ਰਿਹਾ ਹੈ। ਬਚਾਏ ਜਾਣ ਲਈ ਜ਼ਰੂਰੀ ਵਿਸ਼ਵਾਸ ਵਾਅਦਾ ਕੀਤੀ ਹੋਈ ਬਰਕਤ ਵਿਚ ਵਿਸ਼ਵਾਸ ਹੋਣਾ ਚਾਹੀਦਾ ਹੈ (ਨਾ ਕਿ ਇਸ ਗੱਲ ਤੇ ਕਿ ਕੋਈ ਪਾਣੀ ਲੱਭਣ ਲਈ ਕਿੱਥੇ ਜਾ ਰਿਹਾ ਹੈ)। ਇਹੀ ਗੱਲ ਅਬਰਾਹਾਮ ਦੇ ਵਿਸ਼ਵਾਸ ਨਾਲ ਵੀ ਸੀ ਯਾਨੀ ਉਹਦਾ ਵਿਸ਼ਵਾਸ ਪ੍ਰਮੇਸ਼ਵਰ ਦੇ ਕੀਤੇ ਵਾਅਦੇ ਦੀ ਬਰਕਤ ਵਿਚ ਸੀ ਨਾ ਕਿ ਇਸ ਗੱਲ ਵਿਚ ਕਿ ਉਹ ਆਪਣੇ ਵਾਅਦਿਆਂ ਨੂੰ ਕਿੱਥੇ ਪੂਰਾ ਕਰੇਗਾ।

ਅਬਰਾਹਾਮ ਨੂੰ ਇਹ ਸਮਝ *ਨਹੀਂ* ਸੀ ਕਿ ਉਹ ਕਿੱਥੇ ਜਾ ਰਿਹਾ ਹੈ, ਕਿਉਂਕਿ ਪ੍ਰਮੇਸ਼ਵਰ ਨੇ ਉਸ ਉੱਤੇ ਅਜੇ ਪ੍ਰਗਟ ਨਹੀਂ ਕੀਤਾ ਸੀ ਕਿ ਉਹ ਕਿੱਥੇ ਜਾ ਰਿਹਾ ਹੈ, ਉਹਨੇ ਸਿਰਫ਼ ਇਹੀ ਜ਼ਾਹਰ ਕੀਤਾ ਸੀ ਕਿ ਜੇ ਉਹ ਜਾਵੇ ਤਾਂ ਉਹ ਉੱਥੇ ਕੀ ਕਰੇਗਾ। ਇੱਥੇ ਉਸ ਨੇ ਉਹਦਾ ਵਿਸ਼ਵਾਸ ਰੱਖ ਦਿੱਤਾ। ਪ੍ਰਮੇਸ਼ਵਰ ਨੇ *ਪਰਗਟ ਕਰ ਦਿੱਤਾ* ਹੈ ਕਿ ਜੇ ਅਸੀਂ ਬਪਤਿਸਮਾ ਲੈਂਦੇ ਹਾਂ ਤਾਂ ਉਹ ਕੀ ਕਰੇਗਾ, ਮਤਲਬ ਕਿ ਅਸੀਂ ਸਮਝ ਸਕਦੇ ਹਾਂ ਕਿ ਉਹ ਕੀ ਕਰੇਗਾ ਅਤੇ ਇਸ ਗੱਲ ਵਿਚ ਅਸੀਂ ਆਪਣਾ ਵਿਸ਼ਵਾਸ ਰੱਖਣਾ ਹੈ।

## ਕਥਨ 5: ''ਇਸਰਾਏਲੀਆਂ ਨੂੰ ਯਰੀਹੋ ਵਿਚ ਆਪਣੇ ਕੰਮ ਲਈ ਕਾਰਣ ਨੂੰ ਸਮਝ ਦੀ ਲੋੜ ਨਹੀਂ ਸੀ''

ਇਸਰਾਏਲੀਆਂ ਦੇ ਯਰੀਹੋ ਦੀ ਸ਼ਹਿਰਪਨਾਹ ਦਾ ਚੱਕਰ ਲਾਉਣ ਬਾਰੇ ਸਵਾਲ ਪੁੱਛਿਆ ਗਿਆ ਹੈ, ''ਜੇ ਉਹ ਚੱਕਰ ਲਾਉਣ ਦੇ ਕਾਰਣ ਨੂੰ ਨਾ ਸਮਝ ਪਾਉਂਦੇ, ਪਰ ਫਿਰ ਵੀ ਚੱਕਰ ਲਾਉਂਦੇ ਰਹਿੰਦੇ, ਤਾਂ ਭਲਾ ਪ੍ਰਮੇਸ਼ਵਰ ਕੰਧਾਂ ਨੂੰ ਖੜੀਆਂ ਰਹਿਣ ਦਿੰਦਾ?''[10] ਪ੍ਰਮੇਸ਼ਵਰ ਨੇ ਉਨ੍ਹਾਂ ਨੂੰ ਕਾਫ਼ੀ, ਸਪਸ਼ਟ ਅਤੇ ਪੂਰੀ ਹਦਾਇਤ ਦੇ ਕੇ ਸਾਫ਼-ਸਾਫ਼ ਦੱਸ ਦਿੱਤਾ ਸੀ ਕਿ ਜੇ ਉਹ ਉਹਦਾ ਹੁਕਮ ਮੰਨਦੇ ਹਨ ਤਾਂ ਉਹ ਕੀ ਕਰੇਗਾ (ਯਹੋਸ਼ੁਆ 6)। ਉਹ ਸਮਝ ਗਏ ਅਤੇ ਇਸੇ ਲਈ, ਪ੍ਰਮੇਸ਼ਵਰ ਵਿਚ *ਵਿਸ਼ਵਾਸ* ਰੱਖ ਕੇ ਉਹ ਕਰਨ ਲਈ ਅੱਗੇ ਵਧੇ ਜਿਹਦਾ ਉਹਨੇ ਵਾਅਦਾ ਕੀਤਾ ਸੀ। ਇਸ ਵਿਸ਼ਵਾਸ ਕਾਰਣ ਪ੍ਰਮੇਸ਼ਵਰ ਨੇ ਕੰਧਾਂ ਡੇਗ ਦਿੱਤੀਆਂ (ਇਬਰਾਨੀਆਂ 11:30)।

ਉਨ੍ਹਾਂ ਦਾ ਵਿਸ਼ਵਾਸ ਕਿਸ ਵਿਚ ਸੀ? ਅੱਗੇ ਵਧਣ ਵਿਚ? ਨਾਅਰੇ ਮਾਰਨ ਵਿਚ? ਤੁਰ੍ਹੀਆਂ ਵਜਾਉਣ ਵਿਚ? ਜਿਸ ਵਿਸ਼ਵਾਸ ਨੇ ਉਨ੍ਹਾਂ ਨੂੰ ਅੱਗੇ ਵਧਣ ਦੀ ਪ੍ਰੇਰਣਾ ਦਿੱਤੀ ਉਹ ਸ਼ਹਿਰਪਨਾਹ ਨੂੰ ਡੇਗਣ ਲਈ ਪ੍ਰਮੇਸ਼ਵਰ ਵਿਚ ਉਨ੍ਹਾਂ ਦਾ ਵਿਸ਼ਵਾਸ ਸੀ। ਇਹ ਤੱਥ ਕਿ ਪ੍ਰਮੇਸ਼ਵਰ ਨੇ ਉਨ੍ਹਾਂ ਦੇ ਵਿਸ਼ਵਾਸ ਕਾਰਣ ਸ਼ਹਿਰ ਦੀਆਂ ਕੰਧਾਂ ਡੇਗੀਆਂ, ਦਾ ਮਤਲਬ ਹੈ ਕਿ ਜੇ ਉਹ ਕੰਧਾਂ ਡੇਗਣ 'ਚ ਉਹਦੇ 'ਤੇ ਵਿਸ਼ਵਾਸ *ਨਾ* ਕਰਦੇ ਤਾਂ ਭਾਵੇਂ ਉਹ ਅੱਗੇ ਵਧ ਵੀ ਜਾਂਦੇ, ਨਾਅਰੇ ਮਾਰਦੇ, ਅਤੇ ਤੁਰ੍ਹੀਆਂ ਵਜਾਉਂਦੇ, ਤਾਂ ਵੀ ਉਸ ਨੇ ਸ਼ਹਿਰਪਨਾਹ ਨੂੰ ਨਹੀਂ ਡੇਗਣਾ ਸੀ।

ਪ੍ਰਮੇਸ਼ਵਰ ਦਾ ਵਾਅਦਾ ਸ਼ਹਿਰਪਨਾਹ ਨੂੰ ਡੇਗਣ ਦਾ ਸੀ। ਉਨ੍ਹਾਂ ਦਾ ਕੰਮ ਅੱਗੇ ਵਧਣਾ, ਜੈਕਾਰੇ ਗਜਾਉਣਾ, ਅਤੇ ਪ੍ਰਮੇਸ਼ਵਰ ਨੂੰ ਕੰਮ ਕਰਨ ਦੇਣ ਲਈ ਉਸ ਵਿਚ *ਵਿਸ਼ਵਾਸ* ਰੱਖ ਕੇ ਤੁਰ੍ਹੀਆਂ ਵਜਾਉਣਾ ਸੀ। ਜੇ ਉਹ ਪ੍ਰਮੇਸ਼ਵਰ ਦੇ ਯੋਗਦਾਨ ਨੂੰ ਨਾ ਸਮਝਦੇ, ਤਾਂ ਉਹ ਪ੍ਰਮੇਸ਼ਵਰ

ਦੇ ਕੰਮ ਕਰਨ ਵਿਚ ਵਿਸ਼ਵਾਸ ਰੱਖ ਕੇ ਕੰਮ ਨਹੀਂ ਕਰ ਸਕਦੇ ਸਨ।

ਸ਼ੈਤਾਨ ਇਨਾਂ ਚਲਾਕ ਹੈ ਕਿ ਉਹਨੂੰ ਪਤਾ ਹੈ ਕਿ ਠੀਕ-ਠੀਕ ਸਮਝ ਨਾ ਹੋਣ ਕਰਕੇ ਵਿਸ਼ਵਾਸ ਵਿਚ ਰੁਕਾਵਟ ਪੈਣ ਨਾਲ, ਬਚਾਏ ਜਾਣ ਵਿਚ ਰੁਕਾਵਟ ਪੈਂਦੀ ਹੈ। ''ਹਰ ਕੋਈ ਜੋ ਰਾਜ ਦਾ ਵਚਨ ਸੁਣਦਾ ਹੈ ਪਰ ਨਹੀਂ ਸਮਝਦਾ ਸੋ ਉਹਦੇ ਮਨ ਵਿਚ ਜੋ ਕੁਝ ਬੀਜਿਆ ਹੋਇਆ ਹੈ ਦੁਸ਼ਟ ਆਣ ਕੇ ਉਹਨੂੰ ਖੋਹ ਲੈਂਦਾ ਹੈ । ਇਹ ਉਹ ਹੈ ਜਿਹੜਾ ਪਹੇ ਵੱਲ ਬੀਜਿਆ ਗਿਆ ਸੀ'' (ਮੱਤੀ 13:19), ''ਕਿਤੇ ਅਜਿਹਾ ਨਾ ਹੋਵੇ ਜੋ ਉਹ ਨਿਹਚਾ ਕਰ ਕੇ ਬਚਾਏ ਜਾਣ'' (ਲੂਕਾ 8:12)। ਵਿਸ਼ਵਾਸ ਲਈ ਸਮਝ ਹੋਣਾ ਜ਼ਰੂਰੀ ਹੈ (ਰੋਮੀਆਂ 10:17), ਅਤੇ ਪ੍ਰਮੇਸ਼ਵਰ ਨੂੰ ਕਬੂਲ ਹੋਣ ਲਈ ਵਿਸ਼ਵਾਸ ਜ਼ਰੂਰੀ ਹੈ (ਇਬਰਾਨੀਆਂ 11:6); ਇਸ ਲਈ ਬਚਾਏ ਜਾਣ ਲਈ ਸਮਝ ਹੋਣਾ ਜ਼ਰੂਰੀ ਹੈ (ਮੱਤੀ 13:15)। ਜਿਹਨੂੰ ਇਹ ਸਮਝ ਨਹੀਂ ਹੈ ਕਿ ਪਾਪਾਂ ਦੀ ਮਾਫ਼ੀ ਲਈ ਕੀ ਜ਼ਰੂਰੀ ਹੈ ਉਹ ਪਾਪਾਂ ਦੀ ਮਾਫ਼ੀ ਲਈ ਜ਼ਰੂਰੀ ਕੰਮ ਕਰ ਹੀ ਦਿੰਦਾ, ਪਰ ਉਹ ਵਿਸ਼ਵਾਸ ਨਾਲ ਕੰਮ ਨਹੀਂ ਕਰ ਸਕਦਾ; ਉਹਨੂੰ ਕੀਤੇ ਜਾਣ ਵਾਲੇ ਕੰਮ ਅਤੇ ਬਰਕਤ ਦੇ ਵਾਅਦੇ ਵਿਚ ਸਬੰਧ ਦੀ ਸਮਝ ਨਹੀਂ ਹੈ। ਅਜਿਹਾ ਕੰਮ ਵਿਸ਼ਵਾਸ ਦਾ ਨਹੀਂ ਸਗੋਂ ਬਿਨਾਂ ਸਮਝ ਕੰਮ ਨੂੰ ਮੰਨਣ ਦਾ ਹੈ। ਬਚਾਇਆ ਜਾਣਾ ਸਿਰਫ਼ ਹੁਕਮ ਮੰਨਣ ਨਾਲ ਨਹੀਂ ਸਗੋਂ ਹੁਕਮ ਮੰਨਣ ਦੇ ਉਸ ਕੰਮ ਨਾਲ ਹੁੰਦਾ ਹੈ ਜੋ ਸ਼ੁੱਧ ਕਰਨ ਵਾਲੇ ਯਿਸੂ ਦੇ ਲਹੂ ਤੇ ਵਿਸ਼ਵਾਸ ਕਰਕੇ ਹੈ।

## ਕਥਨ 6: ''ਬਪਤਿਸਮਾ ਸਾਰੀਆਂ ਬਰਕਤਾਂ ਲਈ ਲਿਆ ਜਾਂਦਾ ਹੈ''

ਬਪਤਿਸਮਾ ਲੈਣ ਵਾਲੇ ਲਈ ਉਪਲੱਬਧ ਬਹੁਤ ਸਾਰੀਆਂ ਬਰਕਤਾਂ ਦੀ ਸੂਚੀ ਦੇਣ ਦੇ ਬਾਅਦ, ਜਿਮੀ ਐਲਨ ਨੇ ਇਹ ਅਵਲੋਕਨ ਕੀਤਾ ਹੈ:

> ਤਰਕਸੰਗਤ ਰੂਪ ਵਿਚ, ਜੇ ਕੋਈ ਵਿਵਾਦ ਕਰੇ ਕਿ ਉਹਦਾ ਬਪਤਿਸਮਾ ਲੈਣ ਸਮੇਂ ਪ੍ਰਭੂ ਰਾਹੀਂ ਦਿੱਤੀ ਗਈ ਪਾਪਾਂ ਦੀ ਮਾਫ਼ੀ ਦੀ ਸਮਝ ਨਾ ਰੱਖਣ ਵਾਲੇ ਨੂੰ ਫਿਰ ਤੋਂ ਡੁਬਕੀ ਲੈਣੀ ਪਵੇਗੀ ਤਾਂ ਇਹਦਾ ਅਰਥ ਇਹ ਹੋਇਆ ਕਿ ਜੇ ਉਸ ਨੂੰ ਪ੍ਰਮੇਸ਼ਵਰ ਵੱਲੋਂ ਪੂਰੇ ਕੀਤੇ ਕਿਸੇ ਹੋਰ ਕੰਮ ਦੀ ਸਮਝ ਨਹੀਂ ਹੋਵੇਗੀ ਤਾਂ ਪਤਾ ਚੱਲਣ ਤੇ ਉਹਨੂੰ ਹੋਰ ਬਪਤਿਸਮਾ ਲੈਣਾ ਪਵੇਗਾ।[11]

ਕਿਸੇ ਖ਼ਾਸ ਮਕਸਦ ਲਈ ਕੰਮ ਕਰਦਿਆਂ ਅਸੀਂ ਦੂਜੀਆਂ ਬਹੁਤ ਸਾਰੀਆਂ ਬਰਕਤਾਂ ਲਈ ਰਾਹ ਖੋਲ੍ਹ ਦਿੰਦੇ ਹਾਂ। ਉਹ ਬਰਕਤਾਂ ਉਸ ਕੰਮ ਦਾ ਮਕਸਦ ਹੋਏ ਬਿਨਾਂ ਉਸ ਦਾ ਫ਼ਲ ਹੋ ਸਕਦੀਆਂ ਹਨ।

ਇਕ ਆਦਮੀ ਨਿਕਾਹ ਦਾ ਪ੍ਰਮਾਣਪੱਤਰ ਖ਼ਰੀਦ ਲੈਂਦਾ ਹੈ, ਗਿਰਜੇ ਦੇ ਪਿਛਲੇ ਪਾਸੇ ਤੁਰਦਾ-ਤੁਰਦਾ ਉਹ ਕਹਿੰਦਾ ਹੈ, ਮੈਂ ਵਿਆਹ ਕਰਨ ਲਈ ''ਹਾਂ,'' ਕਰਦਾ ਹਾਂ। ਵਿਆਹ ਕਰਵਾਉਣ *ਲਈ* ਉਹਦੀਆਂ ਇਨ੍ਹਾਂ ਗੱਲਾਂ ਨਾਲ ਵਿਆਹ ਨਾਲ ਜੁੜੀਆਂ ਹੋਰ ਬਹੁਤ ਸਾਰੀਆਂ ਬਰਕਤਾਂ ਮਿਲ ਸਕਦੀਆਂ ਹਨ। ਇਸੇ ਤਰ੍ਹਾਂ ਇਕ ਪਾਪੀ ਨੂੰ ਪ੍ਰਮੇਸ਼ਵਰ ਦੇ ਨਾਲ ਆਪਣੇ ਸਬੰਧ ਸੁਧਾਰਨ ਲਈ ਆਪਣੇ ਪਾਪਾਂ ਤੋਂ ਮਾਫ਼ੀ ਪਾਉਣ ਲਈ ਬਪਤਿਸਮਾ ਲੈਣਾ ਪੈਂਦਾ ਹੈ ਤਾਂ ਜੋ ਹੁਣ ਉਹ ਪ੍ਰਮੇਸ਼ਵਰ ਤੋਂ ਬਹੁਤ ਦੂਰ ਨਾ ਰਹੇ। ਇਸ ਤਰ੍ਹਾਂ ਹੁਕਮ ਮੰਨਣ ਨਾਲ ਉਹਨੂੰ ਬਹੁਤ

ਸਾਰੀਆਂ ਰੂਹਾਨੀ ਬਰਕਤਾਂ ਲਈ ਜਿਹੜੀਆਂ ਮਸੀਹ ਵਿਚ ਮਿਲਦੀਆਂ ਹਨ, ਰਾਹ ਖੁੱਲ੍ਹ ਜਾਵੇਗਾ (ਅਫ਼ਸੀਆਂ 1:3)।

ਬਪਤਿਸਮਾ ਲੈਣ ਵਾਲੇ ਲਈ ਨਵੇਂ ਸਬੰਧ ਨਾਲ ਜੁੜੀਆਂ ਸਾਰੀਆਂ ਬਰਕਤਾਂ ਨੂੰ ਸਮਝਣਾ ਜਰੂਰੀ ਨਹੀਂ ਹੈ। ਵਿਆਹ ਕਰਾਉਣ ਵਾਲੇ ਵਿਅਕਤੀ ਵਾਂਗ ਬਪਤਿਸਮਾ ਲੈਣ ਵਾਲੇ ਨੂੰ ਸਿਰਫ਼ ਇਨਾਂ ਹੀ ਜਾਣਨ ਦੀ ਲੋੜ ਹੈ ਕਿ ਉਸ ਸਬੰਧ ਵਿਚ ਪ੍ਰਵੇਸ਼ ਅਤੇ ਉਸ ਮਕਸਦ ਲਈ ਕੀ ਕਰਨ ਦੀ ਲੋੜ ਹੈ। ਅਜਿਹਾ ਕਰਕੇ, ਬਪਤਿਸਮੇ ਦੀ ਹਰ ਬਰਕਤ, ਚਾਹੇ ਉਹਨੂੰ ਸਮਝ ਹੋਵੇ ਜਾਂ ਨਾ, ਉਹਦੇ ਲਈ ਹੋਵੇਗੀ। ਜੇ ਉਸ ਨੂੰ ਹਰ ਰੋਜ਼ ਇਕ ਨਵੀਂ ਬਰਕਤ ਬਾਰੇ ਪਤਾ ਲੱਗੇ ਤਾਂ ਇਹਦਾ ਮਤਲਬ ਹੋਵੇਗਾ ਕਿ ਜਿਵੇਂ ਉਸ ਨੂੰ ਹਰ ਬਰਕਤ ਪਾਉਣ ਲਈ ਫਿਰ ਤੋਂ ਵਿਆਹ ਕਰਨ ਦੀ ਲੋੜ ਨਹੀਂ ਹੈ, ਉਸੇ ਤਰ੍ਹਾਂ ਬਪਤਿਸਮਾ ਲੈਣ ਦੀ ਵੀ ਲੋੜ ਨਹੀਂ ਹੈ। ਬਪਤਿਸਮਾ ਲੈਣ ਜਾਂ ਵਿਆਹ ਕਰਾਉਣ ਲਈ ਜੋ ਕੁਝ ਕਰਨ ਦੀ ਲੋੜ ਸੀ ਉਹ ਕਰਕੇ ਇਸ ਨਵੇਂ ਸਬੰਧ ਦੀਆਂ ਸਾਰੀਆਂ ਬਰਕਤਾਂ ਪਹਿਲਾਂ ਤੋਂ ਹੀ ਮੁਹੱਈਆ ਹੋ ਚੁਕੀਆਂ ਹਨ।

ਸਿਸਿਲ ਮੇਅ ਜੂਨੀਅਰ ਨੇ ਸਹੀ ਕਿਹਾ ਹੈ:

> ਸਵਾਲ ਇਹ ਨਹੀਂ ਕਿ ''ਪਵਿੱਤਰ ਆਤਮਾ ਦਾ ਦਾਨ ਪਾਉਣ'' ਦੀ ਬਜਾਏ ''ਪਾਪਾਂ ਦੀ ਮਾਫ਼ੀ ਲਈ'' ਨੂੰ ਸਮਝਣਾ ਜ਼ਰੂਰੀ ਹੈ ਜਾਂ ਨਹੀਂ। ''ਪਾਪ ਮਾਫ਼ ਹੋ ਗਏ ਹਨ'' ਦੀ ਬਜਾਏ ''ਪਾਪਾਂ ਦੀ ਮਾਫ਼ੀ ਲਈ'' ਦੇ ਰੂਪ ਵਿਚ ਸਮਝ ਹੋਣੀ ਜ਼ਰੂਰੀ ਹੈ; ... ਕਿਉਂਕਿ ਬਪਤਿਸਮਾ ਲੈਣ ਵਾਲਾ ਇਹ ਵਿਸ਼ਵਾਸ ਕਰਕੇ ਕਿ ਉਹ ਪਹਿਲਾਂ ਹੀ ਬਚਾਇਆ ਜਾ ਚੁਕਿਆ ਹੈ ਬਪਤਿਸਮੇ ਦੇ ਬਾਈਬਲ ਨਾਲ ਜੁੜੇ ਹਰੇਕ ਮਕਸਦ ਨੂੰ ਨਕਾਰ ਦਿੰਦਾ ਹੈ।[12]

## ਕਥਨ 7: ''ਬਪਤਿਸਮੇ ਲਈ ਇਕ ਮਕਸਦ ਵਿਚ ਦੂਜੇ ਸਭ ਮਿਲੇ ਹੋਏ ਹਨ''

ਕਿਹਾ ਗਿਆ ਹੈ ਕਿ ਬਪਤਿਸਮਾ ਲੈਣ ਦੇ *ਇਕ ਮਕਸਦ* ਯਾਨੀ ਹੁਕਮ ਮੰਨਣ ਵਿਚ ਦੂਜੇ ਸਭ ਮਕਸਦ ਆ ਜਾਂਦੇ ਹਨ:

> ਲਗਦਾ ਹੈ ਕਿ ਬਪਤਿਸਮਾ ਲੈਣ ਲਈ ਜਾਂ ਸਭ ਕਾਰਨਾਂ ਦਾ ਇਕ ਕਾਰਣ ਜਿਸ ਵਿਚ ਸਾਰੇ ਦੂਜੇ ਕਾਰਣ ਸਮਾ ਜਾਂਦੇ ਹੋਣ, ਸਮਝਣਾ ਜ਼ਰੂਰੀ ਹੈ। ... ਮੈਂ ਉਸ ਕਾਰਣ ਨੂੰ ਮੰਨਦਾ ਹਾਂ ਜਿਸ ਵਿਚ ਦੂਜੇ ਸਭ ਕਾਰਣ ਸ਼ਾਮਲ ਹਨ, ਉਹ ਹੈ ਪ੍ਰਮੇਸ਼ਵਰ ਦਾ ਹੁਕਮ ਮੰਨਣਾ। ਯਿਸੂ ਨੇ ਪਿਤਾ ਦਾ ਹੁਕਮ ਮੰਨਣ ਲਈ ਬਪਤਿਸਮਾ ਲਿਆ ਸੀ (ਮੱਤੀ 3:15-17), ਅਤੇ ਬਪਤਿਸਮਾ ਲੈਣ ਲਈ ਉਹਦੇ ਮਕਸਦ ਨਾਲੋਂ ਵੱਡਾ ਕੋਈ ਮਕਸਦ ਨਹੀਂ ਹੋ ਸਕਦਾ।[13]

ਕਿਸੇ ਨੂੰ ਉਹਦੇ ਵੱਲੋਂ ਲਾਏ ਜਾਣ ਵਾਲੇ ਬਪਤਿਸਮੇ ਦੇ ਦੂਜੇ ਮਕਸਦ ਨੂੰ ਨਜ਼ਰਅੰਦਾਜ਼ ਕਰਕੇ ਅਤੇ ਸਾਡੇ ਵੱਲੋਂ ਲਾਏ ਜਾਣ ਵਾਲੇ ਬਪਤਿਸਮੇ ਦੇ ਮਕਸਦਾਂ ਦੀ ਬੇਕਦਰੀ ਕਰਕੇ, ਇਹ ਨਿਚੋੜ ਕੱਢਣ ਦਾ ਕੀ ਹੱਕ ਹੈ ਕਿ ਇਹ ਉਹ ਸਹੀ ਮਕਸਦ ਹੈ ਜਿਹਦੇ ਲਈ ਬਪਤਿਸਮਾ ਲਿਆ ਜਾਂਦਾ ਹੈ?

ਭਲਾ ਪ੍ਰਮੇਸ਼ਵਰ ਦਾ ਹੁਕਮ ਮੰਨਣ ਲਈ ਯਿਸੂ ਦੇ ਬਪਤਿਸਮਾ ਲੈਣ ਵਿਚ ਪਾਪਾਂ ਦੀ ਮਾਫ਼ੀ, ਬਚਾਇਆ ਜਾਣਾ ਅਤੇ ਨਵਾਂ ਜੀਵਨ ਸ਼ਾਮਲ ਸੀ? ਜੇ ਨਹੀਂ ਸੀ, ਤਾਂ ਪ੍ਰਮੇਸ਼ਵਰ ਦਾ ਹੁਕਮ ਮੰਨਣ ਲਈ ਬਪਤਿਸਮੇ ਨਾਲ ਜੁੜੇ ਸਾਰੇ ਮਕਸਦ ਸ਼ਾਮਲ ਨਹੀਂ ਹਨ। ਸਾਡੇ ਬਪਤਿਸਮੇ ਵਿਚ ਯਿਸੂ ਰਾਹੀਂ ਲਏ ਗਏ ਬਪਤਿਸਮੇ ਦਾ ਕਾਰਣ ਅਰਥਾਤ ਪ੍ਰਮੇਸ਼ਵਰ ਦਾ ਹੁਕਮ ਮੰਨਣਾ ਸ਼ਾਮਲ ਹੈ। ਪਰ ਸਲੀਬ 'ਤੇ ਵਹਾਏ ਯਿਸੂ ਦੇ ਲਹੂ ਨਾਲ ਮੁਮਕਨ ਕੀਤੀ ਪਾਪਾਂ ਦੀ ਮਾਫ਼ੀ ਰਾਹੀਂ ਪ੍ਰਮੇਸ਼ਵਰ ਨਾਲ ਨਵੇਂ ਸਬੰਧ ਵਿਚ ਪ੍ਰਵੇਸ਼ ਕਰਨ ਦੇ ਮਕਸਦ ਨਾਲ ਸ਼ਾਮਲ ਕਰਨ ਨਾਲ ਅੱਗੇ ਵੱਧ ਜਾਂਦਾ ਹੈ। ਜੋ ਲੋਕ ਬਪਤਿਸਮੇ ਨੂੰ ਇਸ ਤੋਂ ਘੱਟ ਬਣਾਉਂਦੇ ਹਨ ਉਸ ਇਸ ਨੂੰ ਯਿਸੂ ਦੇ ਲਹੂ ਦੇ ਵਿਸ਼ਵਾਸ ਨੂੰ ਅੱਖਾਂ ਮੀਟ ਕੇ ਹੁਕਮ ਮੰਨਣ ਦੀ ਇਕ ਬੇਕਾਰ ਰਸਮ ਬਣਾ ਦਿੰਦੇ ਹਨ। ਬਾਈਬਲ ਵਿਚ ਕਿਤੇ ਵੀ ਸਮਝੇ ਬਗੈਰ, ਵਿਅਰਥ ਸਮਾਰੋਹ, ਮਨੁੱਖ ਨੂੰ ਪ੍ਰਮੇਸ਼ਵਰ ਨਾਲ ਸਹੀ ਸਬੰਧ ਵਿਚ ਲਿਆਉਣ ਲਈ ਕੰਮ ਨਹੀਂ ਹੈ।

## ਸਾਰ

ਬਪਤਿਸਮਾ ਲੈਣ ਨਾਲ ਪ੍ਰਮੇਸ਼ਵਰ ਨਾਲ ਇਕ ਨਵੇਂ ਸਬੰਧ ਵਿਚ ਪ੍ਰਵੇਸ਼ ਕੀਤਾ ਜਾਂਦਾ ਹੈ ਜਿਸ ਨਾਲ ਬਹੁਤ ਸਾਰੀਆਂ ਬਰਕਤਾਂ ਦੇ ਰਾਹ ਖੁੱਲ੍ਹ ਜਾਂਦੇ ਹਨ। ਬਪਤਿਸਮਾ ਪ੍ਰਮੇਸ਼ਵਰ ਦਾ ਹੁਕਮ ਮੰਨਣ ਨਾਲੋਂ ਕਿਤੇ ਵਧ ਕੇ ਹੈ, ਕਿਉਂਕਿ ਇਸ ਵਿਚ ਵਿਅਕਤੀ ਦੇ ਆਪਣੇ ਪਾਪ ਭਰੇ ਅਤੀਤ ਦੀ ਪਛਾਣ, ਯਿਸੂ ਦੇ ਪ੍ਰਭੂ ਹੋਣ ਅਤੇ ਪਾਪਾਂ ਨੂੰ ਮਾਫ਼ ਕਰਨ ਦੀ ਸ਼ਕਤੀ ਵਿਚ ਵਿਸ਼ਵਾਸ, ਯਿਸੂ ਲਈ ਜੀਉਣ ਦਾ ਇਰਾਦਾ ਅਤੇ ਪ੍ਰਮੇਸ਼ਵਰ ਨਾਲ ਇਕ ਨਵੇਂ ਸਬੰਧ ਵਿਚ ਦਾਖਲ ਹੋਣ ਦੀ ਇੱਛਾ ਹੈ। ਜਿਸ ਆਦਮੀ ਦਾ ਬਪਤਿਸਮਾ ਇਸ ਸਮਝ ਅਤੇ ਮਨ ਵਿਚ ਇਸ ਮਕਸਦ ਨਾਲ ਨਹੀਂ ਹੋਇਆ ਤਾਂ ਉਸ ਨੂੰ ਸਮਝ ਲੈਣਾ ਜਾਹੀਦਾ ਹੈ ਕਿ ਉਸ ਨੇ ਨਵੇਂ ਨੇਮ ਅਨੁਸਾਰ ਬਪਤਿਸਮਾ ਨਹੀਂ ਪਾਇਆ ਅਤੇ ਉਸ ਨੂੰ ਉਹ ਬਪਤਿਸਮਾ ਲੈ ਲੈਣਾ ਚਾਹੀਦਾ ਹੈ, ਕਿਉਂਕਿ ਯਿਸੂ ਵਿਚ ਉਹਦਾ ਵਿਸ਼ਵਾਸ, ਪ੍ਰਮੇਸ਼ਵਰ ਨਾਲ ਆਪਣੇ ਸਬੰਧ ਨੂੰ ਸੁਧਾਰਣ ਲਈ ਜ਼ਿੰਦਗੀ ਵਿਚ ਲੋੜੀਂਦੇ ਬਦਲਾਅ, ਯਿਸੂ ਵਿਚ ਵਿਸ਼ਵਾਸ ਦਾ ਇਕਰਾਰ ਅਤੇ ਬਪਤਿਸਮੇ ਵਿਚ ਯਿਸੂ ਨਾਲ ਦਫ਼ਨਾਏ ਜਾਣ ਦਾ ਇਰਾਦਾ ਕਰਦਾ ਹੈ ਤਾਂ ਜੋ ਉਹ ਯਿਸੂ ਦੇ ਲਹੂ ਨਾਲ ਧੋਤਾ ਜਾ ਸਕੇ ਅਤੇ ਪਾਪਾਂ ਦੀ ਮਾਫ਼ੀ ਰਾਹੀਂ ਪ੍ਰਮੇਸ਼ਵਰ ਵਿਚ ਨਵੇਂ ਸਬੰਧ ਵਿਚ ਦਾਖਲ ਹੋ ਸਕੇ।

---

ਟਿੱਪਣੀਆਂ

[1]ਸਿਸਿਲ ਮੇਅ ਜੂਨੀਅਰ, ''ਦ ਨੇਚਰ ਆਫ਼ ਫ਼ੇਥ ਐਂਡ ਦ 'ਰੀਬੈਪਟਿਜ਼ਮ' ਕਵੈਸ਼ਚਨ,'' ਮੈਗਨੋਲੀਆ ਬਾਈਬਲ ਕਾਲਜ *ਪ੍ਰੀਚਰ ਟਾਕ 8* (ਮਾਰਚ 1992): 3. [2]ਉਹੀ। [3]ਜਿਮੀ ਐਲਨ, *ਰੀਬੈਪਟਿਜ਼ਮ?* (ਵੈਸਟ ਮੋਨਰੋ, ਲੂਈਸਿਆਨਾ: ਹਾਵਰਡ ਪਬਲਿਸ਼ਿੰਗ ਕੰ., 1991), 41. ਇਸ ਕਿਤਾਬ ਦੀ ਚੋਣ ਇਸ ਦੀ ਵਿਸਤਾਰ ਸਹਿਤ ਅਤੇ ਲੇਖਕ ਨਾਲ ਸਹਿਮਤ ਲੋਕਾਂ ਦੇ ਬਹੁਤ ਸਾਰੇ ਹਵਾਲਿਆਂ ਕਾਰਣ ਕੀਤੀ ਗਈ ਹੈ, ਲੇਖਕ ਪ੍ਰਤੀ ਕਿਸੇ ਤਰ੍ਹਾਂ ਦੇ ਵੈਰ ਵਿਰੋਧ ਕਾਰਣ ਨਹੀਂ। [4]ਉਹੀ., 46;47-48 ਸਫ਼ੇ ਵੀ ਵੇਖੋ। [5]ਰੂਬਲ ਸ਼ੈਲੀ, *ਆਈ ਜਸਟ ਵਾਂਟ ਟੂ ਬੀ ਏ ਕ੍ਰਿਸ਼ਚਿਅਨ* (ਨੈਸ਼ਵਿੱਲੇ: ਟਵੰਟਿਅਥ ਸੈਂਚਰੀ ਕ੍ਰਿਸ਼ਚਿਅਨ, 1986), 124. [6]ਐਲਨ, 41. [7]ਉਹੀ 117. [8]*ਥਿਓਲੋਜਿਕਲ ਡਿਕਸ਼ਨਰੀ ਆਫ਼ ਦ ਨਿਊ ਟੈਸਟਾਮੈਂਟ,* ਸੰਸ. ਗਰਹਰਡ ਕਿੱਟਲ, ਅਨੁਵਾਦ ਅਤੇ ਸੰਪਾਦਨ ਜਿਓਫ਼ਰੀ ਡਬਲਊ. ਬਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰ., 1964), 2:429 ਵਿਚ ਏ. ਓਪਕੇ, *''eis.''* [9]ਐਲਨ, 42. [10]ਉਹੀ., 43.

[11]ਉਹੀ., 173. [12]ਸਿਸਿਲ ਮੇਅ ਜੂਨੀਅਰ, ''ਦ ਨੇਚਰ ਆਫ਼ ਫ਼ੇਥ ਐਂਡ ਦ 'ਰੀਬੈਪਟਿਜ਼ਮ' ਕਵੈਸ਼ਚਨ,'' ਮੈਗਨੋਲੀਆ ਬਾਈਬਲ ਕਾਲਜ *ਪ੍ਰੀਚਰ ਟਾਕ 8* (ਫ਼ਰਵਰੀ 1991): 3. [13]ਐਲਨ, 173.